


ਸੱਚ ਤੇ ਨਿਡਰ ਆਵਾਜ਼

ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR

ਮੁੱਖ ਸੰਪਾਦਕ : ਅਮਨਦੀਪ ਮਹਿਰਾ

ਸ਼ੁੱਕਰਵਾਰ, 03 ਜਨਵਰੀ 2025

Email:- lokbani08@gmail.com




R. N. I. Punpun/29016/2008 * ਸਾਲ 16 , * ਅੰਕ : 202, * ਮੁੱਲ : 6 ਰੁਪਏ * ਕੁੱਲ ਪੇਜ: 10 * ਦਫਤਰ : 0181-2211009 * M : 99155-94111




## ਭਾਰਤ ਪਾਕਿਸਤਾਨ ਸਰਹੱਦ ਤੋਂ ਬਰਾਮਦ ਹੋਈ ਵੱਡੀ ਮਾਤਰਾ ਚ ਹੈਰੋਇਨ

ਕਪੂਰਥਲਾ, ਲੋਕ ਬਾਣੀ-ਭਾਰਤ ਪਾਕਿਸਤਾਨ ਸਰਹੱਦ ਨਾਲ ਲੱਗਦੇ ਥਾਣਾ ਡੇਰਾ ਬਾਬਾ ਨਾਨਕ ਕੋਲੋਂ ਕਣਕ ਦੇ ਖੇਤਾਂ ਵਿਚੋਂ ਸੀ. ਆਈ.ਡੀ. ਦੀ ਮੁਸ਼ਤੈਦੀ ਅਤੇ ਸੂਚਨਾ ਦੇ ਅਧਾਰ ਤੇ ਬੀ.ਐਸ.ਐਫ. ਵਲੋਂ ਇਕ ਹੈਰੋਇਨ ਦਾ ਪੈਕਟ ਬਰਾਮਦ ਕੀਤੇ ਜਾਣ ਦੀ ਖਬਰ ਹੈ। ਸੀ. ਆਈ. ਡੀ. ਵਿਭਾਗ ਡੇਰਾ ਬਾਬਾ ਨਾਨਕ ਦੇ ਇੰਚਾਰਜ ਐਸ. ਆਈ. ਮਲਕੀਤ ਸਿੰਘ ਰੰਧਾਵਾ ਵਲੋਂ ਮਿਲੀ ਜਾਣਕਾਰੀ ਅਨੁਸਾਰ ਡੇਰਾ ਬਾਬਾ



ਨਾਨਕ ਨਾਲ ਲੱਗਦੀ ਸਰਹੱਦੀ ਪੱਟੀ ਦੇ ਪਿੰਡਾਂ ਵਿਚ ਡਰੋਨ ਹਲਚਲ ਨੂੰ ਲੈ ਕੇ ਵੱਡੀ ਮੁਸ਼ਤੈਦੀ ਰੱਖੀ ਜਾ ਰਹੀ ਸੀ।

## ਮਰਨ ਵਰਤ ਤੇ ਬੈਠਣਗੇ ਪ੍ਰਸ਼ਾਂਤ ਕਿਸ਼ੋਰ

ਪਟਨਾ,ਲੋਕ ਬਾਣੀ- ਜਨ ਸਵਰਾਜ ਦੇ ਬਾਨੀ ਪ੍ਰਸ਼ਾਂਤ ਕਿਸ਼ੋਰ ਬਿਹਾਰ ਲੋਕ ਸੇਵਾ ਕਮਿਸ਼ਨ (ਬੀਪੀਐੱਸਸੀ) ਵੱਲੋਂ 13 ਦਸੰਬਰ ਨੂੰ ਲਈ ਪ੍ਰੀਖਿਆ ਰੱਦ ਕਰਵਾਉਣ ਦੀ ਮੰਗ ਨੂੰ ਲੈ ਕੇ ਗਾਂਧੀ ਮੈਦਾਨ ਵਿਚ ਮਰਨ ਵਰਤ ਉੱਤੇ ਬੈਠ ਗਏ ਹਨ। ਕਿਸ਼ੋਰ ਨੇ ਨਿਤੀਸ਼ ਕੁਮਾਰ ਸਰਕਾਰ ਨੂੰ '48 ਘੰਟੇ ਦਾ ਅਲਟੀਮੇਟਮ' ਦਿੰਦਿਆਂ ਤਿੰਨ ਦਿਨ ਪਹਿਲਾਂ ਇਤਿਹਾਸਕ ਗਾਂਧੀ ਮੈਦਾਨ ਤੋਂ ਮਰਨ ਵਰਤ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ। ਕਾਬਿਲੇਗੌਰ ਹੈ ਕਿ ਪੀੜਤ ਉਮੀਦਵਾਰਾਂ ਨੇ ਪੇਪਰ ਲੀਕ ਦੇ ਹਵਾਲੇ ਨਾਲ ਪ੍ਰੀਖਿਆ ਰੱਦ ਕਰਨ ਦੀ ਮੰਗ ਕੀਤੀ ਸੀ। ਉਧਰ ਸਥਾਨਕ ਪ੍ਰਸ਼ਾਸਨ ਨੇ ਕਿਹਾ ਕਿ ਗਾਂਧੀ ਮੈਦਾਨ ਉੱਤੇ ਮਰਨ ਵਰਤ



ਰੱਖਣਾ ਗ਼ੈਰਕਾਨੂੰਨੀ ਹੈ ਕਿਉਂਕਿ ਇਹ ਧਰਨੇ ਪ੍ਰਦਰਸ਼ਨਾਂ ਲਈ ਨਿਰਧਾਰਿਤ ਥਾਂ ਨਹੀਂ ਹੈ। ਗਾਂਧੀ ਮੈਦਾਨ ਉੱਤੇ ਆਪਣੇ ਹਮਾਇਤੀਆਂ ਵਿਚ ਘਿਰੇ ਕਿਸ਼ੋਰ ਨੇ ਕਿਹਾ, "ਮੇਰੀ ਮੁੱਖ ਮੰਗ 13 ਦਸੰਬਰ ਨੂੰ ਲਈ ਪ੍ਰੀਖਿਆ ਰੱਦ ਕਰ ਕੇ ਨਵੇਂ ਸਿਰੇ ਤੋਂ ਪ੍ਰੀਖਿਆ ਲੈਣ ਬਾਰੇ ਹੈ।

## ਰੋਹਿਤ ਸ਼ਰਮਾ ਦੀ ਸਿਡਨੀ ਟੈਸਟ ਵਿਚ ਕਪਤਾਨੀ ਦੀ ਕੁਰਸੀ ਤੋਂ ਹੋ ਸਕਦੀ ਹੈ ਛੁੱਟੀ

ਦਿੱਲੀ , ਲੋਕ ਬਾਣੀ-ਬੱਲੇਬਾਜ਼ ਵਜੋਂ ਖ਼ਰਾਬ ਲੈਅ ਤੇ ਕਪਤਾਨੀ ਨੂੰ ਲੈ ਕੇ ਨੁਕਤਾਚੀਨੀ ਦਾ ਸਾਹਮਣਾ ਕਰ ਰਹੇ ਰੋਹਿਤ ਸ਼ਰਮਾ ਨੂੰ ਮੇਜ਼ਬਾਨ ਆਸਟਰੇਲੀਆ ਖਿਲਾਫ਼ ਸ਼ੁੱਕਰਵਾਰ ਤੋਂ ਸ਼ੁਰੂ ਹੋ ਰਹੇ ਪੰਜਵੇਂ ਤੇ ਆਖਰੀ ਟੈਸਟ ਮੈਚ ਵਿਚ ਟੀਮ 'ਚੋਂ ਬਾਹਰ ਬੈਠਣਾ ਪੈ ਸਕਦਾ ਹੈ। ਰੋਹਿਤ ਨੂੰ ਇਹ ਮੈਚ ਨਹੀਂ ਖਿਡਾਇਆ ਜਾਂਦਾ ਤਾਂ ਤੇਜ਼ ਗੇਂਦਬਾਜ਼ ਜਸਪ੍ਰੀਤ ਬੁਮਰਾਹ ਟੀਮ ਦੀ ਅਗਵਾਈ ਕਰ ਸਕਦਾ ਹੈ। ਮੁੱਖ ਕੋਚ ਗੌਤਮ ਗੰਭੀਰ ਨੇ ਹਾਲਾਂਕਿ ਇਸ ਗੱਲ ਦੀ ਪੁਸ਼ਟੀ ਕਰਨ ਤੋਂ



ਇਨਕਾਰ ਕੀਤਾ ਹੈ ਕਿ ਰੋਹਿਤ ਸ਼ੁੱਕਰਵਾਰ ਸਵੇਰੇ ਟਾਸ ਲਈ ਮੈਦਾਨ ਵਿਚ ਆਏਗਾ ਜਾਂ ਨਹੀਂ।

ਰੋਹਿਤ ਦੇ ਮੌਜੂਦਾ ਪ੍ਰਦਰਸ਼ਨ ਬਾਰੇ ਪੁੱਛੇ ਜਾਣ 'ਤੇ ਗੰਭੀਰ ਨੇ ਸਿਰਫ ਇੰਨਾ ਕਿਹਾ, "ਅਸੀਂ ਪਿੱਚ ਦੇਖ ਕੇ ਟੀਮ ਬਾਰੇ ਫ਼ੈਸਲਾ ਲਵਾਂਗੇ।"

## ਜਲੰਧਰ ਚ ਅੱਜ ਦੀ ਸ਼ਾਮ ਹੋਵੇਗੀ ਪੱਤਰਕਾਰਾਂ ਦੇ ਨਾਂਮ

ਜਲੰਧਰ, ਵਿਸ਼ਾਲ ਸ਼ੈਲੀ-- ਸਭ ਤੋਂ ਪੁਰਾਣੀ ਤੇ ਸੀਨੀਅਰ ਪੱਤਰਕਾਰਾ ਦੀ ਸੰਸਥਾ ਅਤੇ ਪੰਜਾਬ ਭਰ ਦੇ ਪਤਰਕਾਰਾਂ ਦੇ ਭਲੇ ਲਈ ਬਣਾਈ ਗਈ ਸੰਸਥਾ ਮੀਡੀਆ ਕਲੱਬ ਵਲੋਂ ਜਲੰਧਰ ਵਿੱਚ ਅੱਜ ਦੀ ਸ਼ਾਮ ਪੱਤਰਕਾਰਾਂ ਦੇ ਨਾਂਮ ਪ੍ਰੋਗਰਾਮ ਮੀਡੀਆ ਕਲੱਬ ਵਲੋਂ ਕਰਵਾਇਆ ਜਾ ਰਿਹਾ ਹੈ ਤੇ ਜਿਸ ਵਿਚ ਸਾਰੇ ਮੀਡੀਆ ਕਰਮੀ ਨਵਾਂ ਸਾਲ ਮਨਾਉਣਗੇ ਤੇ ਸੀਨੀਅਰ ਤਿੰਨ ਬਜ਼ੁਰਗ ਸੀਨੀਅਰ ਪੱਤਰਕਾਰਾਂ ਨੂੰ ਅਵਾਰਡ ਦੇ ਕੇ ਸਨਮਾਨਿਤ ਕੀਤਾ ਜਾਵੇਗਾ ਅਤੇ ਪੰਜਾਬੀ ਕਲਾਕਾਰਾਂ ਵਲੋਂ ਗ਼ਜ਼ਲ, ਤੇ ਗੀਤ ਗਾ ਕੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਜਾਵੇਗਾ ਇਸ ਗੱਲ ਦੀ ਜਾਣਕਾਰੀ ਚੇਅਰਮੈਨ ਅਮਨ ਮਹਿਰਾ, ਪ੍ਰਧਾਨ ਸੁਨੀਲ ਦੱਤ, ਮੁੱਖ ਸਲਾਹਕਾਰ ਵਿਨੈਪਾਲ,ਮੀਤ ਪ੍ਰਧਾਨ ਸਤਪਾਲ,ਮੀਤ ਪ੍ਰਧਾਨ ਮਹਾਂਬੀਰ ਸੇਠ,ਮੀਤ ਪ੍ਰਧਾਨ ਬਿੱਟੂ ਓਬਰਾਏ,ਮੀਤ ਪ੍ਰਧਾਨ ਰਿੰਕੂ ਸੈਣੀ ਜਨਰਲ ਸੈਕਟਰੀ, ਡੀਸੀ ਕੌਲ, ਕੈਸ਼ੀਅਰ ਗੋਪਾਲ ਮਹਿੰਦਰੂ ਜੁਆਇੰਟ ਕੈਸ਼ੀਅਰ ਸੰਜੀਵ ਗੁਪਤਾ, ਸਲਾਹਕਾਰ, ਮਹਿੰਦਰ ਭਗਤ, ਸਲਾਹਕਾਰ ਟਿੰਕੂ ਪੰਡਿਤ,ਪੀ ਆਰ ਓ ਦਲਬੀਰ ਸਿੰਘ ਆਦਿ ਨੇ ਦਿਤੀ

## ਜੇਲ੍ਹ ਵਿਚ ਬੰਦ ਹਵਾਲਾਤੀ ਦੀ ਹੋਈ ਅਚਾਨਕ ਮੌਤ

ਕਪੂਰਥਲਾ, ਲੋਕ ਬਾਣੀ-ਕੇਂਦਰੀ ਜੇਲ੍ਹ ਵਿਚ ਇਕ ਹਵਾਲਾਤੀ ਦੀ ਸਿਹਤ ਖਰਾਬ ਹੋਣ ਕਾਰਨ ਉਸਦੀ ਮੌਤ ਹੋ ਗਈ। ਜਾਣਕਾਰੀ ਦਿੰਦਿਆਂ ਡਿਊਟੀ ਡਾ. ਸਿਧਾਰਥ ਬਿੰਦਰਾ ਨੇ ਦੱਸਿਆ ਕਿ ਰਜਿੰਦਰ ਸਿੰਘ ਪੁੱਤਰ ਤਰਸੇਮ ਲਾਲ ਵਾਸੀ ਮੁਹੱਲਾ ਮਹਿਤਾਬਗੜ੍ਹ ਜੋ ਕਿ ਐਨ.ਡੀ.ਪੀ.ਐਸ. ਦੇ ਮਾਮਲੇ ਵਿਚ ਜੇਲ੍ਹ ਵਿਚ ਬੰਦ ਸੀ, ਜਿਸ ਦੀ ਜੇਲ੍ਹ ਵਿਖੇ ਸਿਹਤ ਖ਼ਰਾਬ ਹੋ ਗਈ ਅਤੇ ਉਸ ਨੂੰ ਸਿਵਲ ਹਸਪਤਾਲ ਕਪੂਰਥਲਾ ਵਿਖੇ ਲਿਆਂਦਾ ਗਿਆ, ਜਿਥੇ ਉਸਦੀ ਮੌਤ ਹੋ ਚੁੱਕੀ ਸੀ। ਉਨ੍ਹਾਂ



ਕਿਹਾ ਕਿ ਮ੍ਰਿਤਕ ਹਵਾਲਾਤੀ ਦੀ ਲਾਸ਼ ਨੂੰ ਮੁਰਦਾਘਰ ਵਿਖੇ ਰਖਵਾ ਦਿੱਤਾ ਗਿਆ ਹੈ। ਇਸ ਸੰਬੰਧੀ ਥਾਣਾ ਕੋਤਵਾਲੀ ਦੀ ਪੁਲਿਸ ਨੂੰ ਸੂਚਿਤ ਕਰ ਦਿੱਤਾ ਹੈ।

## ਮੁੱਖ ਮੰਤਰੀ ਦੀ ਕੋਠੀ ਵੱਲ ਜਾਂਦੇ ਆਤਮਾ ਸਕੀਮ ਦੇ ਮੁਲਾਜ਼ਮ ਪੁਲੀਸ ਨੇ ਰੋਕੇ

ਸੰਗਰੂਰ, -ਕਰੀਬ ਪੰਜ ਮਹੀਨਿਆਂ ਦੀ ਤਨਖਾਹ ਤੋਂ ਵਾਂਝੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਅਧੀਨ ਚੱਲ ਰਹੀ ਆਤਮਾ ਸਕੀਮ ਦੇ ਮੁਲਾਜ਼ਮਾਂ ਵੱਲੋਂ ਮੁੱਖ ਮੰਤਰੀ ਦੀ ਰਿਹਾਇਸ਼ ਨੇੜੇ ਪੁਲੀਸ ਵੱਲੋਂ ਰੋਕੇ ਜਾਣ 'ਤੇ ਧਰਨਾ ਦਿੱਤਾ ਗਿਆ ਅਤੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਤਨਖਾਹਾਂ ਲੈਣ ਲਈ ਪਹਿਲਾਂ ਜ਼ਿਲ੍ਹਾ ਹੈਡਕੁਆਰਟਰਾਂ ਅਤੇ ਫਿਰ ਮੁਹਾਲੀ



ਸਥਿਤ ਮੁੱਖ ਦਫ਼ਤਰ ਅੱਗੇ ਰੋਸ ਧਰਨੇ ਦੇਣ 'ਤੇ ਵੀ ਜਦੋਂ ਕੋਈ ਸੁਣਵਾਈ ਨਾ ਹੋਈ ਤਾਂ ਅੱਜ ਪੰਜਾਬ ਭਰ ਦੇ ਆਤਮਾ ਸਕੀਮ ਦੇ ਮੁਲਾਜ਼ਮ ਆਪਣੀ ਫਰਿਆਦ ਲੈ ਕੇ ਮੁੱਖ ਮੰਤਰੀ ਦੀ ਕੋਠੀ ਅੱਗੇ ਪੁੱਜੇ।

## ਪੰਜਾਬ ਪੁਲਿਸ ਦੇ ਡੀਐਸਪੀ ਪੀ ਨੂੰ ਬਿਸ਼ਨੋਈ ਇੰਟਰਵਿਊ ਮਾਮਲੇ ਵਿੱਚ ਕੀਤਾ ਗਿਆ ਬਰਖਾਸਤ

ਚੰਡੀਗੜ੍ਹ , ਵਿਨੋਦ ਸ਼ਰਮਾ-ਪੰਜਾਬ ਸਰਕਾਰ ਨੇ ਪੰਜਾਬ ਪੁਲੀਸ ਕੇਡਰ ਦੇ ਡੀਐੱਸਪੀ ਗੁਰਸ਼ੇਰ ਸਿੰਘ ਸੰਧੂ ਨੂੰ ਬਰਖਾਸਤ ਕਰ ਦਿੱਤਾ ਹੈ। ਇਸ ਪੁਲੀਸ ਅਧਿਕਾਰੀ ਨੇ ਮਾਰਚ 2023 ਵਿਚ ਸੀਆਈਏ ਦੇ ਖਰੜ ਥਾਣੇ ਵਿਚ ਪੁਲੀਸ ਹਿਰਾਸਤ ਦੌਰਾਨ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਕਰਵਾਉਣ ਵਿਚ ਮਦਦ ਕੀਤੀ ਸੀ। ਪੰਜਾਬ ਸਰਕਾਰ ਨੇ ਪੁਲੀਸ ਵਿਭਾਗ ਦੀ ਸਾਖ਼ ਨੂੰ ਲਾਈ ਢਾਹ ਬਦਲੇ ਡੀਐੱਸਪੀ ਗੁਰਸ਼ੇਰ ਸਿੰਘ ਨੂੰ ਬਰਖਾਸਤ ਕਰਨ ਦਾ ਫੈਸਲਾ ਕੀਤਾ ਹੈ। ਗ੍ਰਹਿ



ਮਾਮਲਿਆਂ ਬਾਰੇ ਵਿਭਾਗ ਨੇ ਪੰਜਾਬ ਲੋਕ ਸੇਵਾ ਕਮਿਸ਼ਨ (ਪੀਪੀਐੱਸਸੀ) ਦੀ ਹਰੀ ਝੰਡੀ ਮਗਰੋਂ ਬਰਖਾਸਤਗੀ ਸਬੰਧੀ ਹੁਕਮ ਜਾਰੀ ਕੀਤੇ ਹਨ।

## ਪੰਜਾਬ ਵਿੱਚ ਮਾਘੀ ਮੇਲੇ ਮੌਕੇ ਇਕ ਹੋਰ ਨਵੀਂ ਸਿਆਸੀ ਪਾਰਟੀ ਦਾ ਹੋਵੇਗਾ ਆਗਾਜ਼

ਜਲੰਧਰ, ਵਿਸ਼ਾਲ ਸ਼ੈਲੀ-ਖਡੂਰ ਸਾਹਿਬ ਤੋਂ ਸੰਸਦ ਮੈਂਬਰ ਤੇ ਐੱਨਐੱਸਏ ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਅਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਅੱਜ ਕਿਹਾ ਕਿ ਉਹ 14 ਜਨਵਰੀ ਨੂੰ ਮਾਘੀ ਮੇਲੇ ਮੌਕੇ ਪੰਜਾਬ ਵਿਚ ਸਿਆਸੀ ਪਾਰਟੀ ਬਣਾਉਣ ਦਾ ਐਲਾਨ ਕਰਨਗੇ। ਉਨ੍ਹਾਂ ਕਿਹਾ ਕਿ ਅਮ੍ਰਿਤਪਾਲ ਸਿੰਘ ਜੇਲ੍ਹ 'ਚੋਂ ਰਿਹਾਅ ਹੋਣ ਮਗਰੋਂ ਪਾਰਟੀ ਦੀ ਅਗਵਾਈ ਕਰੇਗਾ ਤੇ ਉਦੋਂ ਤੱਕ ਪਾਰਟੀ ਦੀ ਕਮਾਨ ਕੋਲ ਉਨ੍ਹਾਂ ਕੋਲ ਰਹੇਗੀ। ਤਰਸੇਮ ਸਿੰਘ ਨੇ ਕਿਹਾ ਕਿ ਉਹ ਸਿੰਘ ਸੰਗਤ ਦੀ ਹਾਜ਼ਰੀ ਵਿਚ ਨਵੀਂ



ਪਾਰਟੀ ਦੇ ਨਾਮ ਤੇ ਏਜੰਡੇ ਬਾਰੇ ਐਲਾਨ ਕਰਨਗੇ। 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅਮ੍ਰਿਤਪਾਲ ਸਿੰਘ ਨੂੰ ਆਪਣੇ ਹਮਾਇਤੀਆਂ ਦੇ ਨਾਲ ਅਜਨਾਲਾ ਪੁਲੀਸ ਥਾਣੇ 'ਤੇ ਕੀਤੇ ਹਮਲੇ ਦੇ ਦੋਸ਼ ਵਿਚ 23 ਫਰਵਰੀ ਨੂੰ ਮੋਗਾ ਦੇ ਰੋਡੇ ਪਿੰਡ 'ਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ




ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜ਼ਿਲੇ ਤੋਂ ਰੋਜ਼ਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 9915594111

www.lokbani
lokbani08@gmail.com

# ਅਕਾਲੀ ਦਲ ਦੇ ਬਾਗੀ ਧੜੇ ਦੇ ਆਗੂਆਂ ਦਾ ਵਫਦ ਜਥੇਦਾਰ ਰਘਬੀਰ ਸਿੰਘ ਨੂੰ ਮਿਲਣ ਪਹੁੰਚਿਆ

(ਲੋਕ ਬਾਣੀ) ਬੀਤੇ ਸਾਲ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲਏ ਗਏ ਫੈਸਲਿਆਂ ਨੂੰ ਇੰਨ ਬਿਨ ਲਾਗੂ ਕਰਵਾਉਣ ਲਈ ਅੱਜ ਸ੍ਰੋਮਣੀ ਕਮੇਟੀ ਦੇ ਅੰਤ੍ਰਿਗ ਕਮੇਟੀ ਮੈਂਬਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਦਫ਼ਤਰ ਸਕੱਤਰੇਤ ਪਹੁੰਚੇ ਜਿਥੇ ਉਨ੍ਹਾਂ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਮਿਲ ਇਨ੍ਹਾਂ ਫੈਸਲਿਆਂ ਨੂੰ ਇਨ ਬਿਨ ਲਾਗੂ ਕਰਵਾਉਣ ਦੀ ਗੱਲ ਕੀਤੀ ਜਾਵੇਗੀ।



ਜਿਸ ਸਬੰਧੀ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ ਨੇ ਦੱਸਿਆ ਕਿ ਅੱਜ ਸ਼੍ਰੋਮਣੀ ਕਮੇਟੀ ਦੀ ਅੰਤ੍ਰਿਗ ਕਮੇਟੀ ਦੇ ਵਫਦ ਵਲੋਂ ਜੋ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਜੀਲ ਤੋਂ ਫੈਸਲੇ ਲਏ ਗਏ ਹਨ। ਉਨ੍ਹਾਂ ਦੀ ਇੰਨ ਬਿਨ ਪਾਲਣਾ ਨਾ ਹੁੰਦੀ ਦੇਖ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਉੱਤੇ ਪਹੁੰਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਮਿਲਣ ਪਹੁੰਚੇ ਹਾਂ ਤਾਂ ਜੋ ਇਹਨਾ ਫੈਸਲਿਆਂ ਦੇ ਚਲਦੇ ਆਦੇਸ਼ਾਂ ਦੀ ਪਾਲਣਾ ਹੋ ਸਕੇ। ਕਿਉਂਕਿ ਫਜੀਲ ਦੇ ਫੈਸਲੇ ਦੇ ਚਲਦੇ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਸੰਜੀਵ ਕਰਨ ਲਈ ਜੋ ਸੱਤ ਮੈਂਬਰ ਕਮੇਟੀ ਬਣਾਈ ਗਈ ਸੀ ਜਿਸਨੇ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਭਰਤੀ ਕਰ ਇਸਨੂੰ ਮੁੜ ਸੰਜੀਵ ਕਰਦਿਆਂ ਨੌਜਵਾਨਾਂ ਨੂੰ ਨਾਲ ਜੋੜਨਾ ਸੀ ਪਰ ਅਜਿਹੀ ਕੋਈ ਵੀ ਐਕਟੀਵਿਟੀ ਦਿਖਾਈ ਨਹੀਂ ਦੇ ਰਹੀ। ਦੂਜਾ ਜੋ ਸ਼੍ਰੋਮਣੀ ਅਕਾਲੀ ਦਲ ਨਾਲ ਨਰਾਜ਼ ਹੋਏ ਅਤੇ ਨਵੇਂ ਜੁੜਣ ਵਾਲੀਆਂ ਨਾਲ ਕੋਈ ਤਾਲਮੇਲ ਨਹੀ ਹੋਇਆ।

ਇਸ ਤੋਂ ਇਲਾਵਾ ਵਰਕਿੰਗ ਕਮੇਟੀ ਨੂੰ ਸੱਦ ਕੇ ਅਕਾਲੀ ਦਲ ਦੇ ਅਸਤੀਫੇ ਪ੍ਰਵਾਨ ਕਰਨ ਸਬੰਧੀ ਆ ਰਹੀਆ ਔਕੜਾਂ ਅਤੇ ਬਣੀ ਕਸ਼ਮਕੱਸ ਨੂੰ ਦੂਰ ਕਰਨ। ਕਿਉਕਿ ਸੁਖਬੀਰ ਬਾਦਲ ਨੂੰ ਗੁੰਮਰਾਹ ਪੂਰਨ ਸਲਾਹਾਂ ਦੇਣ ਵਾਲੇ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਕੁੱਝ ਅਕਾਲੀ ਲੀਡਰਾਂ ਵਲੋਂ ਗਿਆਨੀ ਹਰਪ੍ਰੀਤ ਸਿੰਘ ਉੱਤੇ ਲਗਾਏ ਬੇਬੁਨਿਆਦ ਆਰੋਪਾਂ ਦਾ ਵੀ ਖੰਡਨ ਕਰਨ ਕਿਉਂਕਿ ਇਹ ਪੁਰਾਣੇ ਮਸਲਿਆਂ ਨੂੰ ਲੈ ਕੇ ਉਲਝਾਇਆ ਜਾ ਰਿਹਾ ਹੈ ਵੈਸੇ ਵੀ ਗਿਆਨੀ ਹਰਪ੍ਰੀਤ ਸਿੰਘ ਪੁਰਾਣੀ ਰਿਹਾਇਸ਼ ਛੱਡ ਹੁਣ ਬਠਿੰਡੇ ਪਹੁੰਚ ਚੁੱਕੇ ਹਨ। ਉਹਨਾਂ ਨੂੰ ਵੀ ਬੇਤੁਕੇ ਆਰੋਪ ਲਗਾ ਤੰਗ ਪ੍ਰੇਸ਼ਾਨ ਨਾ ਕੀਤਾ ਜਾਵੇ ਅਜਿਹੇ ਮਸਲੇ ਲੈ ਕੇ ਅਸੀਂ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਮਿਲਣ ਜਾ ਰਹੇ ਹਾਂ।

# ਨਵੇਂ ਸਾਲ ਵਿੱਚ ਵੀ ਨਹੀਂ ਰੁਕੇਗੀ ਅਕਾਲੀ ਦਲ ਚ ਬਗਾਵਤ, ਸੁਖਬੀਰ ਦੀਆਂ ਵਧ ਸਕਦੀਆਂ ਨੇ ਮੁਸ਼ਕਿਲਾਂ



ਚੰਡੀਗੜ੍ਹ-(ਲੋਕ ਬਾਣੀ) ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਬਾਗੀ ਧੜ੍ਹੇ ਦੇ ਲੀਡਰ ਜਲਦ ਹੀ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕਰ ਸਕਦੇ ਹਨ। ਜਿਸ ਵਿੱਚ ਉਹਨਾਂ ਵੱਲੋਂ ਸਿੰਘ ਸਾਹਿਬ ਨੂੰ ਮੰਗ ਪੱਤਰ ਸੌਂਪਿਆ ਜਾਵੇਗਾ। ਜਿਸ ਵਿੱਚ ਸੁਖਬੀਰ ਸਿੰਘ ਬਾਦਲ ਦੇ ਪੈਂਡਿੰਗ ਪਏ ਅਸਤੀਫੇ ਸਬੰਧੀ ਹੁਕਮ ਦੇਣ ਦੀ ਮੰਗ ਕੀਤੀ ਜਾ ਸਕਦੀ ਹੈ।

# ਪੰਜਾਬ ਜੇਲ੍ਹ ਵਿਭਾਗ ਦਾ ਇਤਿਹਾਸਕ ਉਪਰਾਲਾ: ਪਹਿਲੀ ਵਾਰ ਜੇ.ਬੀ.ਟੀ. ਅਧਿਆਪਕਾਂ ਦੀ ਕੀਤੀ ਰੈਗੂਲਰ ਭਰਤੀ

ਚੰਡੀਗੜ੍ਹ, (ਲੋਕ ਬਾਣੀ) - ਪੰਜਾਬ ਦੇ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਅੱਜ ਜੇਲ੍ਹ ਵਿਭਾਗ ਵਿੱਚ ਜੇ.ਬੀ.ਟੀ. ਅਧਿਆਪਕਾਂ ਦੀਆਂ ਆਸਾਮੀਆਂ ਲਈ ਪਹਿਲੀ ਵਾਰ ਇਤਿਹਾਸਕ ਰੈਗੂਲਰ ਭਰਤੀ ਕਰਦਿਆਂ 15 ਜੇ.ਬੀ.ਟੀ. ਅਧਿਆਪਕਾਂ ਨੂੰ ਨਿਯੁਕਤੀ ਪੱਤਰ ਸੌਂਪੇ।

ਇੱਥੇ ਪੰਜਾਬ ਭਵਨ ਵਿਖੇ ਨਿਯੁਕਤੀ ਪੱਤਰ ਵੰਡ ਸਮਾਰੋਹ ਦੌਰਾਨ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਇਹ ਅਧਿਆਪਕ ਕੈਦੀਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਸਿੱਖਿਅਤ ਕਰਨ ਅਤੇ ਕੈਦੀਆਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

ਕੈਬਨਿਟ ਮੰਤਰੀ ਨੇ ਕਿਹਾ ਕਿ ਪਹਿਲਾਂ ਅਧਿਆਪਕਾਂ ਦੀਆਂ ਇਹ ਆਸਾਮੀਆਂ ਕੱਚੇ ਤੌਰ ਤੇ ਭਰੀਆਂ ਜਾਂਦੀਆਂ ਸਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਤਿੰਨ ਦਹਾਕਿਆਂ ਬਾਅਦ ਪਹਿਲੀ ਵਾਰ ਇਨ੍ਹਾਂ ਆਸਾਮੀਆਂ ਤੇ ਰੈਗੂਲਰ ਭਰਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਨਵ-ਨਿਯੁਕਤ ਅਧਿਆਪਕਾਂ ਨੂੰ ਉਨ੍ਹਾਂ ਦੇ ਘਰਾਂ ਨੇੜੇ ਤਾਇਨਾਤ ਕਰਨ ਨੂੰ ਪਹਿਲ ਦਿੱਤੀ ਗਈ ਹੈ ਤਾਂ ਜੋ ਉਹ ਆਪਣੀ ਡਿਊਟੀ ਆਸਾਨੀ ਨਾਲ ਨਿਭਾ ਸਕਣ।

ਜੇਲ੍ਹ ਮੰਤਰੀ ਨੇ ਵਿਭਾਗ ਵਿੱਚ ਭਰਤੀ ਸਬੰਧੀ ਚੱਲ ਰਹੀਆਂ ਪਹਿਲਕਦਮੀਆਂ ‘ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਹਾਲ ਹੀ ਵਿੱਚ ਮੁਕੰਮਲ ਹੋਈ ਭਰਤੀ ਮੁਹਿੰਮ ਵਿੱਚੋਂ 738 ਵਾਰਡਰ ਅਤੇ 25 ਮੈਟਰਨ ਪਹਿਲਾਂ ਹੀ ਆਪਣੀ ਡਿਊਟੀ ਸੰਭਾਲ ਚੁੱਕੇ ਹਨ। ਇਸ ਤੋਂ ਇਲਾਵਾ 175 ਵਾਰਡਰਾਂ ਅਤੇ 4 ਮੈਟਰਨਾਂ ਸਮੇਤ ਗਾਰਡ ਸਟਾਫ਼ ਦੀਆਂ 179 ਆਸਾਮੀਆਂ ਲਈ ਭਰਤੀ ਪ੍ਰਕਿਰਿਆ ਪ੍ਰਗਤੀ ਅਧੀਨ ਹੈ।

ਵਿਭਾਗ ਨੂੰ ਮਜ਼ਬੂਤ ਕਰਨ ਪ੍ਰਤੀ ਮਾਨ ਸਰਕਾਰ ਦੀ ਵਚਨਬੱਧਤਾ ਨੂੰ ਉਜਾਗਰ ਕਰਦਿਆਂ ਲਾਲਜੀਤ ਸਿੰਘ ਭੁੱਲਰ ਨੇ ਐਲਾਨ ਕੀਤਾ ਕਿ ਜੇਲ੍ਹ ਵਿਭਾਗ ਵਿੱਚ ਵੱਖ-ਵੱਖ ਕਾਡਰਾਂ ਦੀਆਂ 1220 ਆਸਾਮੀਆਂ ਨੂੰ ਮੁੜ ਸੁਰਜੀਤ ਕੀਤਾ ਜਾ ਰਿਹਾ ਹੈ ਜਿਸ ਸਬੰਧੀ ਭਰਤੀ ਪ੍ਰਕਿਰਿਆ ਜਲਦ ਸ਼ੁਰੂ ਕੀਤੀ ਜਾਵੇਗੀ।

ਜੇਲ੍ਹਾਂ ਵਿੱਚ ਜਾਰੀ ਵਿੱਦਿਅਕ ਪਹਿਲਕਦਮੀਆਂ ਬਾਰੇ ਗੱਲ ਕਰਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਵਿਭਾਗ ਦੇ ਸਿੱਖਿਆ ਦਾਤ ਪ੍ਰਾਜੈਕਟ ਤਹਿਤ ਇਸ ਸਮੇਂ ਲਗਭਗ 2200 ਕੈਦੀ ਵੱਖ-ਵੱਖ ਵਿਦਿਅਕ ਕੋਰਸ ਕਰ




ਰਹੇ ਹਨ ਜਦਕਿ ਪੰਜਾਬ ਹੁਨਰ ਵਿਕਾਸ ਮਿਸ਼ਨ ਵੱਲੋਂ ਜਨਵਰੀ 2025 ਵਿੱਚ ਸ਼ੁਰੂ ਕੀਤੇ ਜਾ ਰਹੇ ਇਲੈਕਟ੍ਰੀਸ਼ੀਅਨ, ਪਲੰਬਰ ਅਤੇ ਟੇਲਰਿੰਗ ਸਮੇਤ ਵੱਖ-ਵੱਖ ਕੋਰਸਾਂ ਵਿੱਚ 513 ਕੈਦੀ ਹੁਨਰ ਵਿਕਾਸ ਸਿਖਲਾਈ ਲੈਣ ਜਾ ਰਹੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕਰਦਿਆਂ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਮਹਿਜ਼ 33 ਮਹੀਨਿਆਂ ਵਿੱਚ ਨੌਜਵਾਨਾਂ ਨੂੰ ਲਗਭਗ 50,000 ਰੈਗੂਲਰ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਹ ਨੌਕਰੀਆਂ ਦੇਣ ਦੀ ਪਹਿਲਕਦਮੀ ਨੌਜਵਾਨਾਂ ਦੇ ਵਿਦੇਸ਼ਾਂ ਵਿੱਚ ਜਾਣ ਦੇ ਰੁਝਾਨ ਨੂੰ ਠੱਲ੍ਹ ਪਾਉਂਦਿਆਂ ਨੌਜਵਾਨਾਂ ਨੂੰ ਨੌਕਰੀਆਂ ਹਾਸਲ ਕਰਨ ਲਈ ਲਾਈਨ ਵਿੱਚ ਲੱਗਣ ਦੀ ਬਜਾਏ ਰੁਜ਼ਗਾਰ ਦੇਣ ਵਾਲੇ ਬਣਾਉਣ ਸਬੰਧੀ ਮੁੱਖ ਮੰਤਰੀ ਦੇ ਸੰਕਲਪ ਨੂੰ ਪੂਰਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਅ ਰਹੀ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ 2,65,430 ਉਮੀਦਵਾਰਾਂ ਲਈ ਪ੍ਰਾਈਵੇਟ ਖੇਤਰ ਵਿੱਚ ਰੁਜ਼ਗਾਰ ਮੁਹੱਈਆ ਕਰਵਾਇਆ ਗਿਆ ਹੈ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਏ.ਡੀ.ਜੀ.ਪੀ. ਜੇਲ੍ਹਾਂ ਅਰੁਣ ਪਾਲ ਸਿੰਘ, ਆਈ.ਜੀ. ਜੇਲ੍ਹਾਂ ਰੂਪ ਕੁਮਾਰ ਅਰੋੜਾ, ਏ.ਆਈ.ਜੀ. ਜੇਲ੍ਹਾਂ ਰਾਜੀਵ ਅਰੋੜਾ ਵੀ ਮੌਜੂਦ ਸਨ।

# ਟਰੱਕ ਹਮਲੇ ਤੋਂ ਬਾਅਦ 24 ਘੰਟੇ ਦੇ ਅੰਦਰ ਨਿਊਯਾਰਕ ਦੇ ਨਾਈਟ ਕਲੱਬ ’ਚ ਫਾਇਰਿੰਗ, 11 ਲੋਕ ਹੋਏ ਜ਼ਖਮੀ



(ਲੋਕ ਬਾਣੀ) ਅਮਰੀਕਾ ’ਚ ਇਕ ਵਾਰ ਫਿਰ ਤੋਂ ਰੂਹ ਕੰਬਾਉ ਘਟਨਾ ਵਾਪਰੀ ਹੈ। ਦੱਸ ਦਈਏ ਕਿ ਨਿਊਯਾਰਕ ਦੇ ਇਕ ਨਾਈਟ ਕਲੱਬ ਚ ਗੋਲੀਬਾਰੀ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਚ ਹੁਣ ਤੱਕ 11 ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਹੈ।

ਇਹ ਘਟਨਾ ਨਿਊਯਾਰਕ ਦੇ ਕਵੀਂਸ ਸ਼ਹਿਰ ਦੇ ਅਮਾਚੁਰੀ ਨਾਈਟ ਕਲੱਬ ਵਿੱਚ ਵਾਪਰੀ। ਨਿਊ ਓਰਲੀਨਜ਼ ਵਿੱਚ ਇੱਕ ਤੇਜ਼ ਰਫ਼ਤਾਰ ਟਰੱਕ ਨੇ ਲੋਕਾਂ ਨੂੰ ਕੁਚਲ ਦਿੱਤਾ, ਜਿਸ ਵਿੱਚ 15 ਲੋਕ ਜ਼ਖ਼ਮੀ ਹੋ ਗਏ। ਕੁਝ ਘੰਟਿਆਂ ਬਾਅਦ, ਲਾਸ ਵੇਗਾਸ ਵਿੱਚ ਟਰੰਪ ਇੰਟਰਨੈਸ਼ਨਲ ਹੋਟਲ ਦੇ ਬਿਲਕੁਲ ਬਾਹਰ ਟੇਸਲਾ ਦੇ ਸਾਈਬਰਟਰੱਕ ਵਿੱਚ ਧਮਾਕਾ ਹੋਇਆ।

ਇਸ ਘਟਨਾ ਤੋਂ ਬਾਅਦ ਨਿਊਯਾਰਕ ਪੁਲਿਸ ਵਿਭਾਗ ਦੀਆਂ ਕਈ ਯੂਨਿਟਾਂ ਨੇ ਮੌਕੇ ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸੋਸ਼ਲ ਮੀਡੀਆ ਤੇ ਵਾਇਰਲ ਹੋਈ ਇਸ ਘਟਨਾ ਦੀ ਵੀਡੀਓ ਚ ਨਾਈਟ ਕਲੱਬ ਦੇ ਬਾਹਰ ਵੱਡੀ ਗਿਣਤੀ ਚ ਪੁਲਿਸ ਅਤੇ ਐਂਬੂਲੈਂਸਾਂ ਨੂੰ ਦੇਖਿਆ ਜਾ ਸਕਦਾ ਹੈ।

# ਸ਼੍ਰੋਮਣੀ ਕਮੇਟੀ ਦੇ ਵਿਰੋਧੀ ਮੈਂਬਰਾਂ ਦਾ ਵਫਦ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਮਿਲਿਆ, ਸੌਂਪਿਆ ਮੰਗ ਪੱਤਰ



ਅੰਮ੍ਰਿਤਸਰ- (ਲੋਕ ਬਾਣੀ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਰੋਧੀ ਧਿਰ ਦੇ ਮੈਂਬਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਇੱਕ ਵਫਦ ਦੇ ਰੂਪ ਵਿੱਚ ਮਿਲੇ। ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਰਿਹਾਇਸ਼ ਤੇ ਇਹ ਮੈਂਬਰਾਂ ਦਾ ਵਫਦ ਜਥੇਦਾਰ ਨੂੰ ਮਿਲਿਆ। ਮਿਲਣੀ ਤੋਂ ਬਾਅਦ ਵਿਰੋਧੀ ਧਿਰ ਦੇ ਮੈਂਬਰਾਂ ਵਿੱਚ ਸ਼ਾਮਲ ਕਰਨੈਲ ਸਿੰਘ ਪੰਜੋਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕਰਕੇ ਆਪਣਾ ਮੰਗ ਪੱਤਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੰਗ ਪੱਤਰ ਵਿੱਚ ਸਪਸ਼ਟ ਤੌਰ ਤੇ ਲਿਖਿਆ ਕਿ ਦੋ ਦਸੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਹੋਏ ਹੁਕਮਨਾਮਿਆਂ ਨੂੰ ਇਨ ਬਿਨ ਲਾਗੂ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਅਸਤੀਫਾ ਤਿੰਨ ਦਿਨਾਂ ਵਿੱਚ ਪ੍ਰਵਾਨ ਕਰਨ ਦਾ ਜੋ ਹੁਕਮ ਹੋਇਆ ਸੀ, ਉਹ ਹੁਣ ਤੱਕ ਵੀ ਲਾਗੂ ਨਹੀਂ ਹੋ ਸਕਿਆ। ਉਨ੍ਹਾਂ ਕਿਹਾ ਕਿ 19 ਦਸੰਬਰ ਨੂੰ ਹੋਈ ਸ਼੍ਰੋਮਣੀ ਕਮੇਟੀ ਦੀ ਅੰਤਿੰਗ ਕਮੇਟੀ ਦੀ ਇਕੱਤਰਤਾ ਵਿੱਚ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਲੱਗੇ ਦੋਸ਼ਾਂ ਸਬੰਧੀ ਇੱਕ ਜਾਂਚ ਕਮੇਟੀ ਬਣਾਈ ਗਈ ਹੈ ਜੋ ਕਿ ਅਣਅਧਿਕਾਰਤ ਹੈ। ਕਿਸੇ ਵੀ ਸਿੰਘ ਸਾਹਿਬ ਜਾਂ ਜਥੇਦਾਰ ਦੀ ਜਾਂਚ ਸ਼੍ਰੋਮਣੀ ਕਮੇਟੀ ਨਹੀਂ ਕਰ ਸਕਦੀ। ਇਹ ਅਧਿਕਾਰ ਸ੍ਰੀ ਅਕਾਲ ਤਖਤ ਸਾਹਿਬ ਪਾਸ ਹੈ। ਉਨ੍ਹਾਂ ਕਿਹਾ ਕਿ ਵਫਦ ਵੱਲੋਂ ਜਥੇਦਾਰ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਕਮੇਟੀ ਨੂੰ ਭੰਗ ਕੀਤਾ ਜਾਵੇ ਅਤੇ ਗਿਆਨੀ ਹਰਪ੍ਰੀਤ ਸਿੰਘ ਦੇ ਮਾਮਲੇ ਦੀ ਜਾਂਚ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਨੂੰ ਨਾ ਮੰਨਣ ਦੇ ਦੋਸ਼ ਵਿੱਚ ਜਿਹੜੇ ਵੀ ਆਗੂ ਜ਼ਿੰਮੇਵਾਰ ਹਨ ਉਹਨਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਤਲਬ ਕਰਕੇ ਧਾਰਮਿਕ ਸਜਾ ਲਗਾਈ ਜਾਵੇ ਤਾਂ ਜੋ ਕੋਈ ਵੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੋਏ ਹੁਕਮ ਨੂੰ ਮੰਨਣ ਤੋਂ ਅਗਾਂਹ ਤੋਂ ਇਨਕਾਰੀ ਨਾ ਹੋਵੇ।

# ਜਗਜੀਤ ਸਿੰਘ ਡੱਲੇਵਾਲ ਪ੍ਰਤੀ ਪੰਜਾਬ ਸਰਕਾਰ ਦੇ ਰਵੱਈਏ ਤੇ ਸੁਪਰੀਮ ਕੋਰਟ ਨੇ ਸਵਾਲ ਖੜ੍ਹੇ ਕੀਤੇ





(ਲੋਕ ਬਾਣੀ) ਖਨੌਰੀ ਸਰਹੱਦ ਤੇ ਪਿਛਲੇ 39 ਦਿਨਾਂ ਤੋਂ ਮਰਨ ਵਰਤ ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਪ੍ਰਤੀ ਪੰਜਾਬ ਸਰਕਾਰ ਦੇ ਰਵੱਈਏ ਤੇ ਸੁਪਰੀਮ ਕੋਰਟ ਨੇ ਸਵਾਲ ਖੜ੍ਹੇ ਕੀਤੇ ਹਨ।

ਸੁਪਰੀਮ ਕੋਰਟ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਰਵੱਈਆ ਇਸ ਮਾਮਲੇ ਵਿੱਚ ਗਤੀਰੋਧ ਨੂੰ ਹੱਲ ਕਰਨ ਵਾਲਾ ਨਹੀਂ ਹੈ। ਪੰਜਾਬ ਸਰਕਾਰ ਦੇ ਅਧਿਕਾਰੀ ਮੀਡੀਆ ਵਿੱਚ ਅਜਿਹੇ ਬਿਆਨ ਦੇ ਰਹੇ ਹਨ ਜਿਵੇਂ ਅਦਾਲਤ ਡੱਲੇਵਾਲ ਦਾ ਮਰਨ ਵਰਤ ਤੋੜਨਾ ਚਾਹੁੰਦੀ ਹੋਵੇ। ਅਸੀਂ ਪਹਿਲਾਂ ਹੀ ਸਪੱਸ਼ਟ ਕਰ ਚੁੱਕੇ ਹਾਂ ਕਿ ਸਾਨੂੰ ਡੱਲੇਵਾਲ ਦੇ ਮਰਨ ਵਰਤ ਤੇ ਕੋਈ ਇਤਰਾਜ਼ ਨਹੀਂ ਹੈ।

ਅਦਾਲਤ ਨੇ ਕਿਹਾ ਕਿ ਪੰਜਾਬ ਸਰਕਾਰ ਡੱਲੇਵਾਲ ਨੂੰ ਮਨਾਉਣ ਵਿੱਚ ਨਾਕਾਮ ਰਹੀ ਹੈ। ਅਦਾਲਤ ਨੇ ਆਪਣੇ ਵੱਲੋਂ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਇੱਕ ਕਮੇਟੀ ਦਾ ਗਠਨ ਕੀਤਾ ਹੈ।

# ਨਗਰ ਸੁਧਾਰ ਟਰੱਸਟ ਚ ਬੇਨਿਯਮੀਆਂ ਤੇ ਪਲਾਟ ਦੀ ਘਪਲੇਬਾਜ਼ੀ ਕਾਰਨ ਇੰਪਰੂਵਮੈਂਟ ਟਰੱਸਟ ਦੇ ਸੀਨੀਅਰ ਸਹਾਇਕ ਵਿਰੁੱਧ ਭ੍ਰਿਸ਼ਟਾਚਾਰ ਦਾ ਕੇਸ ਦਰਜ




ਚੰਡੀਗੜ੍ਹ (ਲੋਕ ਬਾਣੀ) – ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਸੰਜੀਵ ਕਾਲੀਆ, ਸੀਨੀਅਰ ਸਹਾਇਕ, ਨਗਰ ਸੁਧਾਰ ਟਰੱਸਟ, ਜਲੰਧਰ, (ਹੁਣ ਹੁਸਿ਼ਆਰਪੁਰ ਵਿਖੇ ਤਾਇਨਾਤ) ਵੱਲੋਂ ਨਗਰ ਸੁਧਾਰ ਟਰੱਸਟ, ਜਲੰਧਰ ਵਿੱਚ ਅਹੁਦੇ ਦੀ ਦੁਰਵਰਤੋਂ ਰਾਹੀਂ ਬੇਨਿਯਮੀਆਂ ਕਰਨ ਤੇ ਪਤਨੀ ਦੇ ਨਾਮ ਹੇਠ ਪਲਾਟ ਦੀ ਘਪਲੇਬਾਜ਼ੀ ਕਰਨ ਦੇ ਦੋਸ਼ਾਂ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸਿ਼ਕਾਇਤ ਨੰਬਰ 75/2022 ਦੀ ਪੜਤਾਲ ਤੋਂ ਪਾਇਆ ਗਿਆ ਕਿ ਉਕਤ ਸੰਜੀਵ ਕਾਲੀਆ ਦੇ ਖਿਲਾਫ ਦਵਿੰਦਰਪਾਲ ਕੌਰ ਪਾਸੋਂ ਪਲਾਟ ਨੰਬਰ 828 ਦੀ ਨਾ-ਉਸਾਰੀ ਫੀਸ 14,35,350 ਰੁਪਏ ਹਾਸਲ ਕੀਤੇ ਬਿਨਾਂ ਹੀ ਅਤੇ ਡੀਲਿੰਗ ਹੈਂਡ ਨਾ ਹੁੰਦੇ ਹੋਏ ਵੀ ਆਪਣੇ ਅਹੁਦੇ ਦੀ ਦੁਰਵਰਤੋਂ ਕਰਕੇ ਮੰਦਭਾਵਨਾ ਨਾਲ ਮਿਤੀ 21.04.2010 ਨੂੰ ਇੱਕ ਪੱਤਰ ਉਕਤ ਪਲਾਟ ਦੇ ਖਸਰਾ ਨੰਬਰ ਦੀ ਰਿਪੋਰਟ ਦੇਣ ਲਈ ਪਟਵਾਰੀ ਨੂੰ ਲਿਖਿਆ ਸੀ। ਉਪਰੰਤ ਪਟਵਾਰੀ ਨੇ ਖਸਰਾ ਨੰਬਰਾਂ ਸਬੰਧੀ ਰਿਪੋਰਟ ਸੁਪਰਡੈਂਟ ਵਿੱਕਰੀ ਕੋਲ ਰਿਪੋਰਟ ਭੇਜ ਦਿੱਤੀ ਪਰੰਤੂ ਸੰਜੀਵ ਕਾਲੀਆ ਨੇ ਸੁਪਰਡੈਂਟ ਨੂੰ ਬਾਈਪਾਸ ਕਰਦੇ ਹੋਏ ਬੈਨਾਮਾ ਨਾ-ਉਸਾਰੀ ਫੀਸ 14,35,350 ਰੁਪਏ ਹਾਸਲ ਕੀਤੇ ਬਿਨਾਂ ਹੀ ਸਿੱਧੇ ਤੌਰ ਉੱਤੇ ਤਤਕਾਲੀ ਚੇਅਰਮੈਨ ਪਾਸੋਂ ਉਕਤ ਪਲਾਟ ਦਵਿੰਦਰਪਾਲ ਕੌਰ ਦੇ ਨਾਮ ਉਪਰ ਅਲਾਟ ਕਰਵਾ ਦਿੱਤਾ। ਇਸ ਤੋਂ ਇਲਾਵਾ ਨਗਰ ਸੁਧਾਰ ਟਰੱਸਟ ਵੱਲੋਂ ਮਿਤੀ 13/10/2016 ਨੂੰ ਇੱਕ ਪੱਤਰ ਜਾਰੀ ਕਰਕੇ ਦਵਿੰਦਰਪਾਲ ਕੌਰ ਦੇ ਨਾਮ ਉਪਰ ਕੋਈ ਇਤਰਾਜ਼ ਨਹੀਂ (ਐਨ.ਡੀ.ਸੀ.) ਜਾਰੀ ਕਰ ਦਿੱਤਾ ਜਦ ਕਿ ਦਵਿੰਦਰਪਾਲ ਕੌਰ ਦੀ ਮੌਤ ਮਿਤੀ 12/01/2015 ਨੂੰ ਹੋ ਚੁੱਕੀ ਸੀ, ਜਿਸ ਕਰਕੇ ਇਹ ਐਨ.ਡੀ.ਸੀ. ਜਾਰੀ ਨਹੀਂ ਕੀਤਾ ਜਾ ਸਕਦਾ ਸੀ।

ਬੁਲਾਰੇ ਨੇ ਦੱਸਿਆ ਕਿ ਪੜਤਾਲ ਦੌਰਾਨ ਜਤਿੰਦਰ ਸਿੰਘ, ਕਾਰਜ ਸਾਧਕ ਅਫਸਰ ਵੱਲੋਂ ਦਿੱਤੇ ਬਿਆਨ ਮੁਤਾਬਿਕ ਮਿਤੀ 13.10.2016 ਨੂੰ ਜਾਰੀ ਹੋਏ ਇਸ ਐਨ.ਡੀ.ਸੀ. ਪਰ ਉਸਦੇ ਦਸਤਖਤ ਨਹੀਂ ਹਨ, ਪ੍ਰੰਤੂ ਨਗਰ ਸੁਧਾਰ ਟਰੱਸਟ ਨੇ ਆਪਣੇ ਦਫਤਰ ਦੇ ਪੱਤਰ ਮਿਤੀ 11.10.2024 ਰਾਹੀਂ ਸਪੱਸ਼ਟ ਕੀਤਾ ਹੈ ਕਿ ਇਸ ਐਨ.ਡੀ.ਸੀ. ਉਪਰ ਜਤਿੰਦਰ ਸਿੰਘ ਕਾਰਜਸਾਧਕ ਅਫਸਰ ਦੇ ਹੀ ਦਸਤਖਤ ਹਨ ਅਤੇ ਇਹ ਦਸਤਖਤ ਕਾਰਜਸਾਧਕ ਅਫਸਰ ਦੇ ਬਾਕੀ ਮਿਸਲਾਂ ਉਪੱਰ ਕੀਤੇ ਹਸਤਾਖਰਾਂ ਨਾਲ ਮਿਲਦੇ-ਜੁਲਦੇ ਹਨ।

ਉਂਨਾਂ ਦੱਸਿਆ ਕਿ ਇਸ ਕੇਸ ਤੋਂ ਇਲਾਵਾ ਪੜਤਾਲ ਦੌਰਾਨ ਇਹ ਵੀ ਪਾਇਆ ਗਿਆ ਕਿ ਸੋਹਨ ਦੇਈ ਪਤਨੀ ਭਗਵਾਨ ਦਾਸ ਦੀ ਮਾਲਕੀ ਵਾਲਾ 9 ਮਰਲੇ 147 ਵਰਗ ਫੁੱਟ ਰਕਬਾ ਨਗਰ ਸੁਧਾਰ ਟਰੱਸਟ ਵੱਲੋਂ ਸਾਲ 1976 ਵਿੱਚ ਲਿਆਂਦੀ ਗਈ '110 ਸਕੀਮ' ਗੁਰੂ ਤੇਗ ਬਹਾਦਰ ਨਗਰ, ਜਲੰਧਰ ਤਹਿਤ ਐਕਵਾਇਰ ਕੀਤਾ ਗਿਆ ਸੀ ਪਰੰਤੂ ਇਸ ਬਦਲੇ ਸੋਹਨ ਦੇਈ ਨੂੰ ਨੀਤੀ ਤਹਿਤ ਕੋਈ ਪਲਾਟ ਅਲਾਟ ਨਹੀਂ ਕੀਤਾ ਗਿਆ ਸੀ। ਸੰਜੀਵ ਕਾਲੀਆ ਨਗਰ ਸੁਧਾਰ ਟਰੱਸਟ, ਜਲੰਧਰ ਵਿਖੇ ਤਾਇਨਾਤ ਹੋਣ ਕਰਕੇ ਜਾਣਕਾਰੀ ਰੱਖਦਾ ਸੀ ਕਿ ਟਰੱਸਟ ਦੀ 94.5 ਏਕੜ ਸਕੀਮ ਗੁਰੂ ਗੋਬਿੰਦ ਸਿੰਘ ਐਵੀਨਿਊ ਵਿੱਚ ਉਸਦੇ ਰਿਹਾਇਸ਼ੀ ਮਕਾਨ ਦੇ ਨਾਲ ਲੱਗਦਾ ਪਲਾਟ ਨੰਬਰ 276 ਖਾਲੀ ਹੈ, ਜਿਸਨੂੰ ਲੋਕਲ ਡਿਸਪਲੇਸਡ ਪਰਸਨਜ (ਐਲਡੀਪੀ) ਕੋਟੇ ਵਿੱਚ ਕਿਸੇ ਹੋਰ ਦੇ ਨਾਮ ਉਤੇ ਅਲਾਟ ਕਰਵਾ ਕੇ ਆਪਣੇ ਨਾਮ ਕਰਵਾਇਆ ਜਾ ਸਕਦਾ ਹੈ। ਇਸ ਲਈ ਉਸਨੇ ਆਪਣੇ ਜਾਣਕਾਰਾਂ ਰਾਹੀਂ ਸੋਹਨ ਦੇਈ ਤੱਕ ਪਹੁੰਚ ਕਰਕੇ ਉਸਨੂੰ ਮਹਿਜ 6,50,000 ਰੁਪਏ ਦੇ ਕੇ ਦੀਪਕ ਪੁੱਤਰ ਸੋਹਣ ਲਾਲ ਵਾਸੀ ਸੱਤੋਵਾਲੀ, ਥਾਣਾ ਆਦਮਪੁਰ ਜਿ਼ਲ੍ਹਾ ਜਲੰਧਰ ਨੂੰ ਮੁਖਤਿਆਰ-ਏ-ਆਮ ਖੜ੍ਹਾ ਕਰਕੇ ਉਸਦੇ ਨਾਮ ਉਤੇ ਮੁਖਤਿਆਰਨਾਮਾ ਨੰਬਰ 275 ਮਿਤੀ 10.10.2011 ਨਾਲ ਰਜਿਸਟਰਡ ਕਰਵਾ ਦਿੱਤਾ। ਇਸ ਉਪਰੰਤ ਉਕਤ ਪਲਾਟ ਨੂੰ ਸੰਜੀਵ ਕਾਲੀਆ ਨੂੰ ਆਪਣੇ ਨਿੱਜੀ ਮੁਫਾਦ ਲਈ ਮੁਖਤਾਰੇਆਮ ਦੀਪਕ ਦੇ ਅਧਾਰ ਤੇ 94.5 ਏਕੜ ਸਕੀਮ ਵਿੱਚ ਆਪਣੇ ਰਿਹਾਇਸ਼ੀ ਮਕਾਨ ਨੰਬਰ 277 ਦੇ ਨਾਲ ਲੱਗਦਾ ਪਲਾਟ ਨੰਬਰ 276 (ਪੱਤਰ ਨੰਬਰ 1202 ਮਿਤੀ 28.10.2011) ਰਾਹੀਂ ਸੋਹਨ ਦੇਈ ਦੇ ਨਾਮ ਉੱਤੇ ਅਲਾਟ ਕਰਵਾ ਦਿੱਤਾ। ਇਸ ਪਲਾਟ ਦੀ ਉਕਤ ਵਿਸ਼ੇਸ਼ ਕੋਟੇ ਮੁਤਾਬਿਕ ਬਣਦੀ ਰਿਜ਼ਰਵ ਕੀਮਤ 31883 ਰੁਪਏ ਟਰੱਸਟ ਦੇ ਖਾਤੇ ਵਿੱਚ ਜਮ੍ਹਾਂ ਕਰਵਾ ਦਿੱਤੀ। ਸੋਹਨ ਦੇਈ ਦੇ ਨਾਮ ਪਰ ਇਸ ਪਲਾਟ ਦਾ ਬੈਅਨਾਮਾ 9532 ਮਿਤੀ 22.12.2011 ਰਾਹੀਂ ਕਰਵਾਉਣ ਉਪਰੰਤ ਪਲਾਟ ਨੰਬਰ 276 ਦਾ ਐਨ.ਡੀ.ਸੀ. ਪੱਤਰ ਨੰਬਰ 3965 ਮਿਤੀ 05.03.2012 ਰਾਹੀਂ ਹਾਸਲ ਕਰ ਲਿਆ।

ਇਸ ਮੰਤਵ ਲਈ ਸੰਜੀਵ ਕਾਲੀਆ ਨੇ ਮੁਖਤਾਰੇਆਮ ਉਕਤ ਦੀਪਕ ਨੂੰ 7,00,000 ਰੁਪਏ ਨਕਦ ਅਦਾ ਕੀਤੇ ਦਿਖਾ ਕੇ ਉਕਤ ਪਲਾਟ ਦਾ ਵਸੀਕਾ ਤਿਆਰ ਕਰਵਾ ਕੇ ਮਿਤੀ 03.02.2012 ਨੂੰ ਖੁਦ ਪੇਸ਼ ਹੋ ਕੇ ਆਪਣੀ ਪਤਨੀ ਉਪਮਾ ਕਾਲੀਆ ਦੇ ਨਾਮ ਕੁਲੈਕਟਰ ਰੇਟ ਮੁਤਾਬਿਕ 21,74,000 ਰੁਪਏ ਨਾਲ ਰਜਿਸਟਰਡ ਕਰਵਾ ਲਿਆ।

ਬੁਲਾਰੇ ਨੇ ਦੱਸਿਆ ਕੇ ਸੰਜੀਵ ਕਾਲੀਆ ਨੇ ਉਕਤ ਪਲਾਟ ਨੂੰ ਖਰੀਦਣ ਸਬੰਧੀ ਆਪਣੇ ਵਿਭਾਗ ਪਾਸੋਂ ਮੰਨਜੂਰੀ ਨਹੀਂ ਲਈ ਅਤੇ ਨਾਂ ਹੀ ਬਾਅਦ ਵਿੱਚ ਵਿਭਾਗ ਨੂੰ ਸੂਚਿਤ ਕੀਤਾ। ਇਕ ਜਨਸੇਵਕ ਹੁੰਦਿਆਂ ਅਜਿਹਾ ਕਰਕੇ ਸੰਜੀਵ ਕਾਲੀਆ ਵੱਲੋਂ ਜੁਰਮ ਕੀਤਾ ਗਿਆ ਜਿਸ ਕਰਕੇ ਉਸ ਖਿਲਾਫ ਆਈ.ਪੀ.ਸੀ. ਦੀ ਧਾਰਾ 420, 409 ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13(1)ਏ ਸਮੇਤ 13(2) ਤਹਿਤ ਥਾਣਾ ਵਿਜੀਲੈਂਸ ਬਿਊਰੋ, ਰੇਂਜ ਜਲੰਧਰ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਮੁਲਜ਼ਮ ਸੰਜੀਵ ਕਾਲੀਆ ਨੂੰ ਜਲਦ ਗ੍ਰਿਫਤਾਰ ਕਰ ਲਿਆ ਜਾਵੇਗਾ। ਇਸ ਕੇਸ ਦੀ ਅਗਲੇਰੀ ਤਫਤੀਸ਼ ਜਾਰੀ ਹੈ।

# ਮਿਊਂਸਪਲ ਯੂਥ ਇੰਪਲਾਈਜ ਫੈਡਰੇਸ਼ਨ ਦੇ ਪ੍ਰਧਾਨ ਆਸ਼ੂ ਨਾਹਰ ਨੇ ਨਵੇਂ ਸਾਲ ਤੇ ਸ਼ਹਿਰ ਵਾਸੀਆਂ ਨੂੰ ਦਿੱਤੀਆਂ ਸ਼ੁਭਕਾਮਨਾਵਾਂ



ਫਗਵਾੜਾ (ਸੁਸ਼ੀਲ ਸ਼ਰਮਾ) ਮਿਊਂਸਿਪਲ ਯੂਥ ਇੰਪਲਾਇਜ ਫੈਡਰੇਸ਼ਨ ਦੇ ਪ੍ਰਧਾਨ ਅਤੇ ਸਕੱਤਰ ਪੰਜਾਬ ਆਸ਼ੂ ਨਾਹਰ ਅਤੇ ਨਗਰ ਨਿਗਮ ਆਟੋ ਵਰਕਸ਼ਾਪ ਦੇ ਇੰਚਾਰਜ ਮੈਡਮ ਰਮਾ ਅਤੇ ਸਮੁੱਚੀ ਟੀਮ ਵੱਲੋ ਨਗਰ ਨਿਗਮ ਆਟੋ ਵਰਕਸ਼ਾਪ ਹਾਥੀ ਗੇਟ ਵਿਖੇ ਨਵੇਂ ਸਾਲ ਦੇ ਸੰਬੰਧ ਵਿਚ ਚਾਹ ਅਤੇ ਬ੍ਰੈਡ ਦਾ ਲੰਗਰ ਲਗਾਇਆ ਗਿਆ ਇਸ ਮੌਕੇ ਨਗਰ ਨਿਗਮ ਦੇ ਅਸਿਸਟੈਂਟ ਕਮਿਸ਼ਨਰ ਵਿਸ਼ਾਲ ਵਧਾਵਨ, ਸਮਾਜ ਸੇਵਕ ਕਮਲ ਕੁਮਾਰ, ਕੌਂਸਲਰ ਵਿੱਕੀ ਦੱਤਾ, ਭਾਜਪਾ ਆਗੂ ਸ਼ਸ਼ੀ ਗਿੱਲ, ਸਮਾਜ ਸੇਵਕ ਰੋਹਿਤ ਕੁਮਾਰ ਲੋਗੀ, ਜੇ ਈ ਕੁਲਵਿੰਦਰ ਸਿੰਘ, ਲਾਟੀ ਪਹਿਲਵਾਨ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਅਤੇ ਲੰਗਰ ਦੀ ਸ਼ੁਰੂਆਤ ਕਰਵਾਈ। ਆਸ਼ੂ ਨਾਹਰ ਨੇ ਕਿਹਾ ਕਿ ਨਗਰ ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ,ਜਾਇੰਟ ਕਮਿਸ਼ਨਰ,ਸੰਯੁਕਤ ਕਮਿਸ਼ਨਰ ਦੀ ਦੇਖਰੇਖ ਦੇ ਵਿੱਚ ਸਮੂਹ ਸਫਾਈ ਕਰਮਚਾਰੀ ਗੁਰੂ ਨਗਰੀ ਦੀ ਖੂਬਸੂਰਤੀ ਨੂੰ ਲੈ ਕੇ ਹਮੇਸ਼ਾ ਬਚਨ ਵੱਧ ਹਨ। ਉਸ ਦੇ ਨਾਲ ਨਾਲ ਯੂਥ ਇਮਪਲਾਈਜ ਫੈਡਰੇਸ਼ਨ ਜਰੂਰਤਮੰਦ ਲੋਕਾਂ ਦੀ ਸਹਾਇਤਾ ਸਮੇਤ ਸਮਾਜ ਸੇਵੀ ਕੰਮਾਂ ਵਿੱਚ ਵੀ ਹਮੇਸ਼ਾ ਵੱਧ ਚੜ ਕੇ ਯੋਗਦਾਨ ਅਦਾ ਕਰਦੀ। ਉਹਨਾਂ ਵੱਲੋਂ ਨਵੇਂ ਸਾਲ ਦੇ ਆਗਮਨ ਤੇ ਸਮੂਹ ਸ਼ਹਿਰ ਵਾਸੀਆਂ ਨਗਰ ਨਿਗਮ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸ਼ੁਭਕਾਮਨਾਵਾਂ ਵੀ ਭੇਟ ਕੀਤੀਆਂ ਗਈਆਂ। ਜਥੇਬੰਦੀ ਦੇ ਚੇਅਰਮੈਨ ਰਾਜ ਕੁਮਾਰ ਰਾਜੂ, ਸੈਕਟਰੀ ਰਾਜ ਕਲਿਆਣ, ਸੁਪਰਵਾਈਜ਼ਰ ਦੀਪਕ ਸਭਰਵਾਲ ਸਮੇਤ ਵੱਡੀ ਗਿਣਤੀ ਸੰਗਤਾਂ ਨੇ ਲੰਗਰ ਛੱਕਿਆ ਜਿਕਰਯੋਗ ਹੈ ਕਿ ਇਹ ਲੰਗਰ ਪਿਛਲੇ 15 ਸਾਲਾਂ ਤੋਂ ਹਰ ਸਾਲ ਲਗਾਇਆ ਜਾਂਦਾ ਹੈ। ਪ੍ਰਧਾਨ ਆਸ਼ੂ ਨਾਹਰ ਨੇ ਸਮੂਹ ਸ਼ਹਿਰ ਵਾਸੀਆਂ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ।

# ਸਰਬ ਨੌਜਵਾਨ ਸਭਾ ਨੇ ਨਵੇਂ ਸਾਲ ਮੌਕੇ ਸ਼ੁਰੂ ਕੀਤਾ ਨਰਸਿੰਗ ਦਾ ਕੋਰਸ

ਫਗਵਾੜਾ (ਸੁਸ਼ੀਲ ਸ਼ਰਮਾ ) ਸਰਬ ਨੌਜਵਾਨ ਸਭਾ ਅਤੇ ਸਰਬ ਨੌਜਵਾਨ ਵੈਲਫੇਅਰ ਸੁਸਾਇਟੀ (ਰਜਿ:) ਫਗਵਾੜਾ ਵਲੋਂ ਨਵੇਂ ਸਾਲ ਦੀ ਆਮਦ ਮੌਕੇ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਸਕੀਮ ਨੰਬਰ 3, ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਚਲਾਏ ਜਾ ਰਹੇ ਵੋਕੇਸ਼ਨਲ ਸੈਂਟਰ ਵਿਖੇ ਨਵੇਂ ਸੈਸ਼ਨ ਦੀ ਆਰੰਭਤਾ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਆਯੋਜਿਤ ਸਮਾਗਮ ਦੇ ਨਾਲ ਕੀਤੀ ਗਈ ਇਸ ਤੋਂ ਪਹਿਲਾਂ ਭਾਈ ਸੰਦੀਪ ਸਿੰਘ ਵਲੋਂ ਸ਼੍ਰੀ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ ਪਾਠ ਦੀ ਸੰਪੂਰਨਤਾ ਉਪਰੰਤ ਕੀਰਤਨ ਸਰਵਣ ਕਰਵਾਇਆ ਗਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਹੋਈ ਸਮਾਗਮ ਦੌਰਾਨ ਬਤੌਰ ਮੁੱਖ ਮਹਿਮਾਨ ਜਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਬਲਵਿੰਦਰ ਸਿੰਘ ਧਾਲੀਵਾਲ ਵਿਧਾਇਕ ਫਗਵਾੜਾ ਨੇ ਸ਼ਿਰਕਤ ਕੀਤੀ ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਆਪ ਆਗੂ ਸੰਤੋਸ਼ ਕੁਮਾਰ ਗੋਗੀ, ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ, ਕੌਂਸਲਰ ਪ੍ਰਿਤਪਾਲ ਕੌਰ ਤੁੱਲੀ, ਬੰਟੀ ਵਾਲੀਆ ਤੇ ਅਨੁਰਾਗ ਮਨਖੰਡ ਮੌਜੂਦ ਰਹੇ ਉਹਨਾਂ ਨੇ ਆਪਣੇ ਸੰਬੋਧਨ ਵਿਚ ਸਮੂਹ ਹਾਜਰੀਨ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ ਅਤੇ ਸਭਾ ਵਲੋਂ ਔਰਤਾਂ ਨੂੰ ਆਤਮ ਨਿਰਭਰ ਬਨਾਉਣ ਲਈ ਵੋਕੇਸ਼ਨਲ ਸੈਂਟਰ ਰਾਹੀਂ ਕੀਤੇ ਜਾ ਰਹੇ ਉਪਰਾਲੇ ਦੀ ਸ਼ਲਾਘਾ ਕੀਤੀ ਧਾਲੀਵਾਲ ਨੇ ਕਿਹਾ ਕਿ ਕਿੱਤਾ ਮੁੱਖੀ ਕੋਰਸ ਸਮੇਂ ਦੀ ਲੋੜ ਹਨ ਅਤੇ ਲੜਕੀਆਂ ਲਈ ਤਾਂ ਇਹ ਅਤਿ ਜ਼ਰੂਰੀ ਹਨ ਤਾਂ ਕਿ ਉਹ ਕੋਈ ਵੀ ਕੰਮ ਹੱਥੀਂ ਸਿੱਖ ਕੇ ਆਪਣਾ ਭਵਿੱਖ ਸੁਆਰ ਸਕਣ ਅਤੇ ਸਮਾਜ ਵਿੱਚ ਆਪਣਾ ਰੁਤਬਾ ਵਧਾਉਣ ਦੀ ਯੋਗਤਾ ਹਾਸਲ ਕਰ ਸਕਣ। ਇਸ ਦੌਰਾਨ ਆਪ ਆਗੂ ਸੰਤੋਸ਼ ਕੁਮਾਰ ਗੋਗੀ ਨੇ ਕਿਹਾ ਕਿ ਉੱਚ ਸਿੱਖਿਆ ਦੇ ਨਾਲ ਹੀ ਚੰਗਾ ਜੀਵਨ ਗੁਜਾਰਨ ਲਈ ਹੱਥੀਂ ਕਿੱਤੇ ਦੀ ਸਿਖਲਾਈ ਵੀ ਜਰੂਰੀ ਹੈ ਕੌਂਸਲਰ ਪ੍ਰਿਤਪਾਲ ਕੌਰ ਤੁਲੀ, ਅਨੁਰਾਗ ਮਨਖੰਡ, ਬੰਟੀ ਵਾਲੀਆ ਤੋਂ ਇਲਾਵਾ ਤਵਿੰਦਰ ਰਾਮ ਚੇਅਰਮੈਨ ਮਾਰਕਿਟ ਕਮੇਟੀ ਨੇ ਵੀ ਸਮੂਹ ਹਾਜਰੀਨ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਹੁਣ ਲੜਕੀਆਂ ਹਰ ਖੇਤਰ 'ਚ ਅੱਗੇ ਵਧ ਰਹੀਆਂ ਹਨ ਅਤੇ ਜੀਵਨ 'ਚ ਸਫ਼ਲਤਾ ਪ੍ਰਾਪਤ ਕਰਨ ਲਈ ਅਣਥੱਕ ਮਿਹਨਤ ਕਰਦੀਆਂ ਹਨ। ਉਂਜ ਵੀ ਅਜੋਕੇ ਯੁੱਗ 'ਚ ਔਰਤਾਂ, ਮਰਦਾਂ ਨੂੰ ਸਵੈ-ਨਿਰਭਰ ਹੋਣ ਦੀ ਲੋੜ ਹੈ ਅਤੇ ਇਹ ਤਾਂ ਹੀ ਸੰਭਵ ਹੈ ਜੇਕਰ ਵੱਧ ਤੋਂ ਵੱਧ ਔਰਤਾਂ ਕਿੱਤਾ ਮੁੱਖੀ ਕੋਰਸਾਂ ਦੀ ਸਿਖਲਾਈ ਪ੍ਰਾਪਤ ਕਰਨ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਸੈਂਟਰ ਵਿੱਚ ਇਸ ਸਮੇਂ ਕਟਿੰਗ, ਟੇਲਰਿੰਗ, ਕੰਪਿਊਟਰ, ਬਿਊਟੀਸ਼ਨ ਅਤੇ ਹੈਲਥ ਕੇਅਰ ਦੇ 6 ਮਹੀਨੇ ਦੇ ਕੋਰਸ ਕਰਵਾਏ ਜਾ ਰਹੇ ਹਨ ਅੱਜ ਜਿੱਥੇ ਇਸ ਵਰ੍ਹੇ ਦੇ ਕੋਰਸਾਂ ਦੀ ਆਰੰਭਤਾ ਕੀਤੀ ਗਈ ਹੈ ਉੱਥੇ ਹੀ ਨਰਸਿੰਗ ਦਾ ਨਵਾਂ ਕੋਰਸ ਵੀ ਸ਼ੁਰੂ ਕੀਤਾ ਗਿਆ ਹੈ ਕੋਰਸਾਂ ਲਈ ਦਾਖਲੇ ਦੀ ਪ੍ਰਕ੍ਰਿਆ ਜਾਰੀ ਹੈ ਲੋੜਵੰਦ ਲੜਕੀਆਂ ਸੈਂਟਰ ਦੇ ਮੈਨੇਜਰ ਜਾਂ ਹੈੱਡ ਟੀਚਰ ਨਾਲ ਸੰਪਰਕ ਕਰ ਸਕਦੀਆਂ ਹਨ ਸਭਾ ਵਲੋਂ ਮੁੱਖ ਮਹਿਮਾਨ ਬਲਵਿੰਦਰ ਸਿੰਘ ਧਾਲੀਵਾਲ ਨੂੰ ਸਨਮਾਨਤ ਵੀ ਕੀਤਾ ਗਿਆ। ਸਟੇਜ ਦੀ ਸੇਵਾ ਲੈਕਚਰਾਰ ਹਰਜਿੰਦਰ ਗੋਗਨਾ ਨੇ ਨਿਭਾਈ ਇਸ ਮੌਕੇ ਸਭਾ ਦੇ ਮੀਤ ਪ੍ਰਧਾਨ ਰਵਿੰਦਰ ਸਿੰਘ ਰਾਏ, ਸਮਾਜ ਸੇਵਕ ਰਮਨ ਨਹਿਰਾ, ਗੁਰਦੀਪ ਸਿੰਘ ਤੁੱਲੀ ਆਪ ਆਗੂ, ਸਭਾ ਦੇ ਜਨਰਲ ਸਕੱਤਰ ਡਾ: ਵਿਜੇ ਕੁਮਾਰ, ਗੁਰਦਿਆਲ ਸਿੰਘ ਭੁੱਲਾਰਾਈ ਸਾਬਕਾ ਚੇਅਰਮੈਨ ਬਲਾਕ ਸੰਮਤੀ, ਨਰਿੰਦਰ ਸੈਣੀ, ਸਾਹਿਬਜੀਤ ਸਾਬੀ, ਗੁਰਸ਼ਰਨ ਬਾਸੀ, ਮਨਦੀਪ ਬਾਸੀ, ਰਾਕੇਸ਼ ਕੋਛੜ, ਵਿੱਕੀ ਸਿੰਘ, ਸਮਾਜ ਸੇਵਕ ਮਦਨ ਲਾਲ ਕੋਰੋਟਾਨੀਆ, ਮੈਡਮ ਤਨੂੰ, ਮੈਡਮ ਆਸ਼ੂ ਬੱਗਾ, ਮੈਡਮ ਨਵਜੋਤ ਕੌਰ, ਮੈਨੇਜਰ ਜਗਜੀਤ ਸੇਠ, ਰਾਜਕੁਮਾਰ ਬਸਰਾ, ਅਮਰਿੰਦਰ ਸਿੰਘ, ਮੁਸਕਾਨ, ਅਮਨਜੋਤ, ਕੋਮਲ, ਪਰਵੀਨ ਕੌਰ, ਮੇਘਾ, ਉਪਿੰਦਰ ਕੌਰ, ਮਨੀਸ਼ਾ, ਮਮਤਾ, ਤਾਨੀਆ, ਮੀਨਾਕਸ਼ੀ, ਪ੍ਰਿਆ, ਅੰਜਲੀ, ਜੋਤੀ ਰਾਣੀ, ਪ੍ਰਿਆਕਾ, ਮਨਰਾਜ, ਜਯੋਤੀ, ਰਜਨੀ, ਭਾਵਨਾ, ਕਾਮਨੀ, ਕਮਲਜੀਤ, ਸੰਦੀਪ, ਗੁਰਪ੍ਰੀਤ, ਰਮਨਦੀਪ, ਹਰਪ੍ਰੀਤ, ਕਾਜਲ, ਰਾਧਿਕਾ, ਪ੍ਰਿਆ, ਤਮੰਨਾ, ਨਿਸ਼ਾ, ਭੂਮੀ, ਸਕੀਨਾ, ਸਲੋਨੀ, ਕਿਰਨ, ਸੋਨੀਆ, ਆਫਰੀਨ, ਸੰਦੀਪ, ਜਯੋਤੀ, ਖੁਸ਼ੀ ਰਾਣਾ, ਅੰਜਨਾ, ਸਲੋਨੀ, ਰਮਨ, ਰਿੰਪਲ, ਗਗਨਦੀਪ, ਰਜਿੰਦਰ, ਕਸ਼ਿਸ਼ ਆਦਿ ਹਾਜ਼ਰ ਸਨ





# ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਦਸ ਵਿਦਿਆਰਥੀਆਂ ਦੀ ਨੌਕਰੀਆਂ ਲਈ ਚੋਣ



ਫਗਵਾੜਾ (ਸੁਸ਼ੀਲ ਸ਼ਰਮਾ) ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ.ਕਰਮਜੀਤ ਸਿੰਘ ਦੀ ਯੋਗ ਅਗਵਾਈ ਹੇਠ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪਲੇਸਮੈਂਟ ਐਂਡ ਕਰੀਅਰ ਇਨਹਾਂਸਮੈਂਟ ਡਾਇਰੈਕਟੋਰੇਟ ਵੱਲੋਂ ਯੂਨੀਵਰਸਿਟੀ ਦੇ ਐਮ.ਬੀ.ਏ.-ਬੈਚ 2025 ਦੇ ਵਿਦਿਆਰਥੀਆਂ ਲਈ ਐਚ.ਡੀ.ਐਫ.ਸੀ ਲਾਈਫ਼ ਇੰਸ਼ੋਰੈਂਸ ਕੰਪਨੀ ਵੱਲੋਂ ਕੈਂਪਸ ਪਲੇਸਮੈਂਟ ਡਰਾਈਵ ਦਾ ਆਯੋਜਨ ਕੀਤਾ ਗਿਆ। ਕੰਪਨੀ ਦੀ ਸੀਨੀਅਰ ਮੈਂਬਰਾਂ ਦੀ ਟੀਮ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਦੌਰਾ ਕੀਤਾ ਤੇ ਵਿਦਿਆਰਥੀਆਂ ਦੇ ਟੈਸਟ ਇੰਟਰਵਿਊ ਆਦਿ ਤੋਂ ਬਾਅਦ 10 ਵਿਦਿਆਰਥੀਆਂ ਨੂੰ 4.75 ਲੱਖ ਰੁਪਏ ਪ੍ਰਤੀ ਸਾਲ ਦੇ ਤਨਖਾਹ ਪੈਕੇਜ ਤੇ ਚੁਣਿਆ। ਡਾਇਰੈਕਟਰ ਡਾ. ਅਮਿਤ ਚੋਪੜਾ ਨੇ ਕਿਹਾ ਕਿ ਇਹ ਵਿਦਿਆਰਥੀ ਜੂਨ 2025 ਵਿੱਚ ਆਪੋ-ਆਪਣੇ ਕੋਰਸ ਪਾਸ ਕਰਨ ਤੋਂ ਬਾਅਦ ਆਪਣੀਆਂ ਨੌਕਰੀਆਂ ਜਾਇਨ ਕਰਨਗੇ। ਉਨ੍ਹਾਂ ਕਿਹਾ ਕਿ ਇਹ ਕੰਪਨੀ ਭਾਰਤ ਦੀ ਇੱਕ ਪ੍ਰਮੁੱਖ ਜੀਵਨ ਬੀਮਾ ਕੰਪਨੀ ਹੈ ਜੋ ਵਿਅਕਤੀਗਤ ਅਤੇ ਸਮੂਹ ਬੀਮਾ ਰਾਹੀਂ ਗਾਹਕਾਂ ਦੀਆਂ ਵੱਖ-ਵੱਖ ਲੋੜਾਂ ਜਿਵੇਂ ਕਿ ਸੁਰੱਖਿਆ,ਪੈਨਸ਼ਨ, ਬਚਤ ਅਤੇ ਰਿਟਾਇਰਮੈਂਟ ਯੋਜਨਾਵਾਂ ਨੂੰ ਪੂਰਾ ਕਰਦੀ ਹੈ। ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੂੰ ਇਸ ਉਪਲਬਧੀ ਤੇ ਵਧਾਈ ਦਿੰਦਿਆਂ ਭਵਿੱਖ ਵਿਚ ਅਜਿਹੀਆਂ ਪਲੇਸਮੈਂਟ ਹੋਰ ਵੀ ਵਧਾਉਣ ਬਾਰੇ ਕਿਹਾ। ਡੀਨ ਅਕਾਦਮਿਕ ਮਾਮਲੇ ਡਾ.ਪਲਵਿੰਦਰ ਸਿੰਘ ਅਤੇ ਰਜਿਸਟਰਾਰ ਡਾ.ਕੇ.ਐਸ.ਕਾਹਲੋਂ ਨੇ ਵੀ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਕਚਹਿਰੀ ਦੇ ਨੇੜਿਓਂ ਐਕਟਿਵਾ ਚੋਰੀ

ਫਗਵਾੜਾ ( ਸੁਸ਼ੀਲ ਸ਼ਰਮਾ )ਨਵੇਂ ਸਾਲ ਦੇ ਪਹਿਲੇ ਦਿਨ ਹੀ ਸਬ ਡਵੀਜ਼ਨਲ ਕੋਰਟ ਅਤੇ ਤਹਿਸੀਲ ਕੰਪਲੈਕਸ ਤੋਂ ਕੁਝ ਕਦਮਾਂ ਦੀ ਦੂਰੀ ਤੇ ਸਥਿਤ ਪੇਂਟ ਦੀ ਦੁਕਾਨ ਦੇ ਬਾਹਰੋਂ ਇੱਕ ਐਕਟਿਵਾ ਸਕੂਟਰ ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਐਕਟਿਵਾ ਦੇ ਮਾਲਕ ਅਤੇ ਸਾਬਕਾ ਸੀਨੀਅਰ ਬੈਂਕ ਮੈਨੇਜਰ ਵਿਸ਼ਵਾਮਿੱਤਰ ਸ਼ਰਮਾ ਨੇ ਪੁਲੀਸ ਨੂੰ ਦਿੱਤੀ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਨੇ ਆਪਣਾ ਐਕਟਿਵਾ ਸਕੂਟਰ ਨੰਬਰ ਪੀਬੀ-0 9ਏਏ-6431 ਪੇਂਟ ਦੀ ਦੁਕਾਨ ਨੇੜੇ ਪਾਰਕ ਕੀਤਾ ਸੀ ਅਤੇ ਕਿਸੇ ਜ਼ਰੂਰੀ ਕੰਮ ਲਈ ਤਹਿਸੀਲ ਕੰਪਲੈਕਸ ਵਿੱਚ ਗਿਆ ਹੋਇਆ ਸੀ ਪਰ ਜਦੋਂ ਉਹ ਕੁਝ ਸਮੇਂ ਬਾਅਦ ਬਾਹਰ ਆਇਆ ਤਾਂ ਉਸ ਦਾ ਸਕੂਟਰ ਚੋਰੀ ਹੋ ਚੁੱਕਾ ਸੀ ਪੁਲੀਸ ਨੇ ਚੋਰੀ ਸਬੰਧੀ ਕੇਸ ਦਰਜ ਕਰ ਲਿਆ ਹੈ

# ਭਗਤਪੁਰਾ ਗਲੀ ਨੰਬਰ 1 ਵਿੱਖੇ ਪਿਛਲੇ ਲੰਮੇ ਸਮੇਂ ਤੋਂ ਜਾਮ ਪਏ ਸੀਵਰੇਜ ਖੁਲਵਾਏ



ਫਗਵਾੜਾ (ਸੁਸ਼ੀਲ ਸ਼ਰਮਾ ) ਵਾਰਡ ਨੰਬਰ 41, 42 ਅਧੀਨ ਆਉਂਦੇ ਇਲਾਕੇ ਗਲੀ ਨੰਬਰ 1 ਭਗਤਪੁਰਾ ਵਿਖੇ ਪਿਛਲੇ ਲੰਮੇ ਸਮੇਂ ਤੋਂ ਸੀਵਰੇਜ ਜਾਮ ਕਾਰਣ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਜਿਸ ਨੂੰ ਵੇਖਦੇ ਹੋਏ ਸਮਾਜ ਸੇਵੀ ਡਾ ਰਮਨ ਸ਼ਰਮਾ ਅਤੇ ਨਰਿੰਦਰ ਪਾਲ ਸਿੰਘ ਜਿਨ੍ਹਾਂ ਦੇ ਮਸਲਾ ਧਿਆਨ ਹਿੱਤ ਆਇਆ ਤਾਂ ਉਨ੍ਹਾਂ ਤੁਰੰਤ ਇਸ ਦੀ ਕਾਰਵਾਈ ਨੂੰ ਅੰਜਾਮ ਦੇਂਦੇ ਹੋਏ ਮਹਿਕਮੇ ਦੇ ਧਿਆਨ ਹਿੱਤ ਲਿਆਂਦਾ ਜਿਨ੍ਹਾਂ ਆਕੇ ਸਮੂਚੀ ਸੀਵਰੇਜ ਲਾਈਨ ਚੈਕ ਕਰ ਉਸ ਉਪਰ ਕੰਮ ਸ਼ੁਰੂ ਕੀਤਾ ਇਸ ਮੌਕੇ ਹਰਜਿੰਦਰ ਕੁਮਾਰ , ਵਿਜੇ ਕੁਮਾਰ , ਬਿਮਲਾ ਰਾਣੀ , ਬਿੰਦਰ ਕਨੋਜੀਆ, ਪ੍ਰਸ਼ੋਤਮ ਲਾਲ , ਕ੍ਰਿਸ਼ਨ ਕੁਮਾਰ , ਸਾਜਨ ਕੁਮਾਰ , ਆਦਿ ਮੌਜੂਦ ਸਨ

# ਪ੍ਰੇਮ ਨਗਰ ਸੇਵਾ ਸੁਸਾਇਟੀ ਨੇ ਨਵ ਨਿਯੁਕਤ ਕੋਸਲਰ ਪਰਵਿੰਦਰ ਕੌਰ ਰਘਬੋਤਰਾ ਦਾ ਕੀਤਾ ਸਨਮਾਨਤ



ਫਗਵਾੜਾ (ਸੁਸ਼ੀਲ ਸ਼ਰਮਾ ) ਪ੍ਰੇਮ ਨਗਰ ਸੇਵਾ ਸੁਸਾਇਟੀ ਦੀ ਇਕ ਮੀਟਿੰਗ ਸਥਾਨਕ ਖੇੜਾ ਰੋਡ ਵਿਖੇ ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ ਅਤੇ ਸਕੱਤਰ ਸੁਰਿੰਦਰ ਪਾਲ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ ਇਸ ਮੌਕੇ ਨਵ ਨਿਯੁਕਤ ਵਾਰਡ ਕੌਂਸਲਰ ਪਰਵਿੰਦਰ ਕੌਰ ਰਘਬੋਤਰਾ ਵਿਸ਼ੇਸ਼ ਤੌਰ ਤੇ ਹਾਜਰ ਆਏ। ਉਹਨਾਂ ਨੇ ਵਾਰਡ ਦੇ ਸਮੂਹ ਵਸਨੀਕਾਂ ਦਾ ਉਹਨਾਂ ਨੂੰ ਦੁਬਾਰਾ ਤੋਂ ਵਾਰਡ ਕੌਂਸਲਰ ਵਜੋਂ ਸੇਵਾ ਦਾ ਮੌਕਾ ਦੇਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਇਸ ਉਪਰੰਤ ਉਹਨਾਂ ਨੇ ਸੁਸਾਇਟੀ ਅਹੁਦੇਦਾਰਾਂ ਤੇ ਮੈਂਬਰਾ ਦੇ ਨਾਲ ਖੇੜਾ ਰੋਡ ਸਥਿਤ ਗੁਰਦੁਆਰਾ ਸਾਹਿਬ ਅਤੇ ਸ਼ਿਵ ਮੰਦਰ ਪਹੁੰਚ ਕੇ ਨਤਮਸਤਕ ਹੁੰਦਿਆਂ ਪ੍ਰਮਾਤਮਾ ਦਾ ਸ਼ੁਕਰਾਨਾ ਵੀ ਕੀਤਾ। ਉਹਨਾਂ ਮੰਦਿਰ ਅਤੇ ਗੁਰਦੁਆਰਾ ਸਾਹਿਬ ਦੇ ਵਿਕਾਸ ਲਈ ਆਰਥਕ ਭੇਂਟ ਵੀ ਪ੍ਰਬੰਧਕਾਂ ਨੂੰ ਦਿੱਤੀ ਕੌਂਸਲਰ ਰਘਬੋਤਰਾ ਨੇ ਭਰੋਸਾ ਦਿੱਤਾ ਕਿ ਉਹ ਦੂਸਰੀ ਵਾਰ ਕੌਂਸਲਰ ਬਣਨ ਤੇ ਹੁਣ ਹੋਰ ਵੀ ਤਨਦੇਹੀ ਦੇ ਨਾਲ ਵਾਰਡ ਦੇ ਵਿਕਾਸ ਅਤੇ ਲੋਕ ਸੇਵਾ ਦਾ ਯਤਨ ਕਰਨਗੇ ਇਸ ਦੌਰਾਨ ਸੁਸਾਇਟੀ ਦੇ ਸਰਪ੍ਰਸਤ ਅਤੇ ਕੌਂਸਲਰ ਪਰਵਿੰਦਰ ਕੌਰ ਦੇ ਪਤੀ ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਚੋਣ ਪ੍ਰਚਾਰ ਦੌਰਾਨ ਜੋ ਰਾਸ਼ੀ ਉਹਨਾਂ ਨੂੰ ਸਮਰਥਕਾਂ ਵਲੋਂ ਭੇਂਟ ਕੀਤੀ ਸੀ, ਉਹ ਅੱਜ ਦੋਵੇਂ ਧਾਰਮਿਕ ਅਸਥਾਨਾ ਨੂੰ ਭੇਂਟ ਕੀਤੀ ਗਈ ਹੈ, ਕਿਉਂਕਿ ਵੋਟਰਾਂ ਦੇ ਪਿਆਰ ਸਦਕਾ ਉਹਨਾਂ ਨੂੰ ਚੋਣਾਂ ਵਿੱਚ ਰਾਸ਼ੀ ਖਰਚ ਕਰਨ ਦੀ ਜਰੂਰਤ ਨਹੀਂ ਹੋਈ ਉਹਨਾਂ ਦੱਸਿਆ ਕਿ ਜਲਦੀ ਹੀ ਸੁਸਾਇਟੀ ਵਲੋਂ ਨਵੇਂ ਸਾਲ ਨੂੰ ਸਮਰਪਿਤ ਰਾਸ਼ਨ ਵੰਡ, ਗਰਮ ਜੁਰਾਬਾਂ, ਜਰਸੀਆਂ ਦੀ ਵੰਡ ਸਮੇਤ ਹੋਰ ਪ੍ਰੋਜੈਕਟਾਂ ਨੂੰ ਅਮਲੀ ਰੂਪ ਦਿੱਤਾ ਜਾਵੇਗਾ ਸੁਸਾਇਟੀ ਵਲੋਂ ਕੌਂਸਲਰ ਪਰਵਿੰਦਰ ਕੌਰ ਰਘਬੋਤਰਾ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਐਡਵੋਕੇਟ ਜੀ.ਆਰ. ਆਜਾਦ, ਮਨੀਸ਼ ਕਨੌਂਜੀਆ, ਵੰਦਨਾ ਸ਼ਰਮਾ, ਰਾਜਕੁਮਾਰ ਕਨੌਂਜੀਆ, ਕ੍ਰਿਸ਼ਨ ਕੁਮਾਰ, ਵਿਸ਼ਵਾਮਿੱਤਰ ਸ਼ਰਮਾ, ਸੰਜੀਵ ਸ਼ਰਮਾ, ਰਾਕੇਸ਼ ਸ਼ਰਮਾ, ਐਸ.ਸੀ. ਚਾਵਲਾ, ਦਵਿੰਦਰ ਸਿੰਘ ਸੈਣੀ, ਰਾਕੇਸ਼ ਕਨੌਂਜੀਆ, ਰਜਿੰਦਰ ਕਨੌਂਜੀਆ, ਕਾਂਤਾ ਸ਼ਰਮਾ, ਜਗਦੀਪ ਜੱਗੀ, ਪੁਨੀਤ ਕੁਮਾਰ, ਮੋਹਨ ਲਾਲ ਤਨੇਜਾ ਆਦਿ ਵੀ ਹਾਜਰ ਸਨ

# ਅਗਰਵਾਲ ਪੀਰਖਾਨਾ ਵੱਲੋਂ ਇੱਕ ਸਾਮ ਪੀਰਾਂ ਦੇ ਨਾਮ ਅਯੋਜਿਤ



ਗਿੱਦੜਬਾਹਾ(ਲੋਕ ਬਾਣੀ) ਸਾਲ 2025 ਨੂੰ ਖੁਸ਼ ਆਮਦੀਦ ਕਹਿਣ ਲਈ ਸਥਾਨਕ ਅਗਰਵਾਲ ਪੀਰਖਾਨਾ ਵਿਖੇ ਬੀਤੀ ਰਾਤ ਪੀਰ ਮੀਰਾ ਸਾਹਿਬ ਬਾਬਾ ਜੀ ਦਾ ਧਾਰਮਿਕ ਸਮਾਰੋਹ ਇੱਕ ਸ਼ਾਮ ਪੀਰਾਂ ਦੇ ਨਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਬਾਬਾ ਡਿੰਪਲ ਸਿੰਗਲਾ, ਬਾਬਾ ਕਾਲਾ, ਪ੍ਰਦੀਪ ਬਾਂਸਲ ਦੀਪਾ ਬਾਬਾ ਅਤੇ ਮਨਜੀਤ ਸ਼ੇਖ ਵੱਲੋਂ ਦੀਵਾਨ ਸਜਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਅਗਰਵਾਲ ਪੀਰਖਾਨਾ ਕਮੇਟੀ ਦੇ ਓਮ ਪ੍ਰਕਾਸ਼ ਕਾਕਾ ਨੇ ਦੱਸਿਆ ਕਿ ਸਮਾਰੋਹ ਦੌਰਾਨ ਭਜਨ ਗਾਇਕ ਬੰਟੀ ਸ਼ਰਮਾ ਐਡ ਪਾਰਟੀ ਸੁੰਦਰ ਭੇਟਾਂ ਦਾ ਗੁਣਗਾਨ ਕੀਤਾ ਗਿਆ। ਅਗਰਵਾਲ ਪੀਰਖਾਨਾ ਕਮੇਟੀ ਦੇ ਸਾਰੇ ਮੈਂਬਰਾਂ ਦੀ ਅਗਵਾਈ ਵਿੱਚ ਪੀਰਖਾਨਾ ਕਮੇਟੀ ਵੱਲੋਂ ਨਵੇਂ ਸਾਲ ਦੀ ਖੁਸ਼ੀ ਵਿੱਚ ਕੇਕ ਕੱਟਿਆ ਗਿਆ। ਇਸ ਮੌਕੇ ਬਾਬਾ ਜੀ ਦਾ ਅਟੁੱਟ ਲੰਗਰ ਵੀ ਵਰਤਾਇਆ ਗਿਆ ਇਸ ਸਮਾਰੋਹ ਵਿੱਚ ਨਗਰ ਕੌਂਸਲ ਦੇ ਪ੍ਰਧਾਨ ਨਰਿੰਦਰ ਮੁੰਜਾਲ ਬਿੰਟਾਂ ਅਰੋੜਾ , ਆੜ੍ਹਤੀਆਂ ਐਸੋਸੀਏਸ਼ਨ ਦੇ ਪ੍ਰਧਾਨ ਵਨੀਤ ਜਿੰਦਲ ਮੋਂਟੀ, ਸ਼ਾਮ ਸੁੰਦਰ ਛਿੰਦੀ, ਸੁਰਿੰਦਰ ਬਾਂਸਲ, ਅਨਿਲ ਗਰਗ, ਬਿੱਟੂ ਸਚਦੇਵਾ, ਮਹਿੰਦਰਪਾਲ ਗਰਗ, ਸੁਰੇਸ਼ ਅਗਰਵਾਲ,ਡਾ ਅਨਿਲ ਗਰਗ, ਦੀਪਕ ਜੈਨ ਤੋਤਾਂ, ਬਾਂਬਾ ਦਲਜੀਤ, ਮਹੇਸ਼ ਬਾਂਸਲ, ਬਲਦੇਵ ਮੰਗਲਾ, ਰਾਜਿੰਦਰ ਗਰੋਵਰ ਅਤੇ ਅਰਵਿੰਦ ਕੁਮਾਰ ਆਦਿ ਵੀ ਹਾਜ਼ਰ ਸਨ।

# ਡੀ ਈ ਓ ਸਕੈਡੰਰੀ ਸਿਖਿਆ ਗੁਰਦਾਸਪੁਰ ਵਲੋਂ ਕਾਰਵਾਈ ਕਰਨ ਦੇ ਭਰੋਸੇ ਤੇ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਨੇ ਧਰਨਾ ਕੀਤਾ ਮੁਲਤਵੀ

ਗੁਰਦਾਸਪੁਰ-ਨਵਨੀਤ ਕੁਮਾਰ –
ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਸੱਦੇ ਤੇ ਡੀ ਈ ਓ ਸਕੈਂਡਰੀ ਸਿਖਿਆ ਦਫ਼ਤਰ ਦਾ ਘਿਰਾਓ ਦਾ ਪ੍ਰੋਗਰਾਮ ਨਵ ਨਿਯੁਕਤ ਜ਼ਿਲ੍ਹਾ ਸਿੱਖਿਆ ਅਫ਼ਸਰ ਸਕੈਡੰਰੀ ਸਿਖਿਆ ਦੇ ਭਰੋਸੇ ਤੋਂ ਬਾਅਦ ਮੁਲਤਵੀ ਕਰ ਦਿੱਤਾ ਹੈ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਵਡਾਲਾ ਬਾਂਗਰ ਅਤੇ ਪੈਨਸ਼ਨਰਜ ਆਗੂ ਪ੍ਰਿੰਸੀਪਲ ਅਮਰਜੀਤ ਸਿੰਘ ਮਨੀ ਨੇ ਦੱਸਿਆ ਕਿ ਲੰਮੇ ਸਮੇਂ ਤੋਂ ਜਿਲਾ ਸਿੱਖਿਆ ਦਫ਼ਤਰ ਸਕੈਡੰਰੀ ਸਿਖਿਆ ਗੁਰਦਾਸਪੁਰ ਦੇ ਦਫ਼ਤਰ ਅਧਿਆਪਕਾਂ ਖ਼ਾਸ ਕਰਕੇ ਪੈਨਸ਼ਨਰਾਂ ਦੇ ਮਾਮਲੇ ਲਟਕ ਰਹੇ ਸਨ। ਦਫਤਰ ਦੇ ਕੁਝ ਮੁਲਾਜ਼ਮਾਂ ਦਾ ਅਧਿਆਪਕਾਂ ਪ੍ਰਤੀ ਵਤੀਰਾ ਨਿੰਦਨਯੋਗ ਹੈ। ਦਫਤਰ ਦੇ ਜੂਨੀਅਰ ਸਹਾਇਕ ਵਲੋਂ ਮਾਨਯੋਗ ਹਾਈਕੋਰਟ ਦੇ ਹੁਕਮਾਂ ਨੂੰ ਲਾਗੂ ਕਰਵਾਉਣ ਦੀ ਬਜਾਏ ਸੀਨੀਅਰ ਸਿਟੀਜਨ ਅਤੇ ਮੁਲਾਜ਼ਮ ਆਗੂ ਅਮਰਜੀਤ ਸ਼ਾਸਤਰੀ ਨਾਲ ਬਦਕਲਾਮੀ ਕੀਤੀ ਗਈ। ਜਿਸ ਦਾ ਜਥੇਬੰਦੀਆਂ ਵੱਲੋਂ ਸਖ਼ਤ ਨੋਟਿਸ ਲਿਆ ਗਿਆ। ਜ਼ਿਲਾ ਸਿੱਖਿਆ ਦਫ਼ਤਰ ਦੇ ਅਧਿਕਾਰੀਆਂ ਨੂੰ ਮੰਗ ਪੱਤਰ ਦੇ ਸਾਰੇ ਮਾਮਲੇ ਨੂੰ ਹੱਲ ਕਰਨ ਦੀ ਮੰਗ ਕੀਤੀ ਗਈ। ਪਰ ਦਫ਼ਤਰ ਵਲੋਂ ਸਬੰਧਤ ਕਲਰਕ ਦੀਆਂ ਸ਼ਿਕਾਇਤਾਂ ਕਰਨ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਗਈ ਜਿਸ ਕਰਕੇ ਜਥੇਬੰਦੀਆਂ ਨੂੰ ਮਜ਼ਬੂਰਨ ਦਫ਼ਤਰ ਦੇ ਘਿਰਾਓ ਦਾ ਐਲਾਨ ਕਰਨਾ ਪਿਆ। ਉਧਰ ਪਿਛਲੇ ਛੇ ਮਹੀਨਿਆਂ ਤੋਂ ਜਿਲਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਦੀ ਖਾਲੀ ਅਸਾਮੀ ਤੇ ਅੱਜ ਜ਼ਿਲ੍ਹਾ ਸਿੱਖਿਆ ਅਫ਼ਸਰ ਸਰਦਾਰ ਜਗਮਿੰਦਰ ਸਿੰਘ ਨੇ ਅੱਜ ਹਾਜ਼ਰ ਹੋਏ ਹਨ। ਜਥੇਬੰਦੀਆਂ ਦੇ ਆਗੂਆਂ ਨੇ ਉਹਨਾਂ ਨਾਲ ਮੀਟਿੰਗ ਕੀਤੀ। ਅਤੇ ਸਾਰੇ ਘਟਨਾਕ੍ਰਮ ਦੀ ਜਾਣਕਾਰੀ ਦਿੱਤੀ। ਜਿਲਾ ਸਿੱਖਿਆ ਅਫਸਰ ਵੱਲੋਂ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਉਹ ਇਸ ਸਾਰੇ ਮਾਮਲੇ ਮਿਲ ਬੈਠ ਕੇ ਢੁਕਵੀਂ ਕਾਰਵਾਈ ਕਰਨਗੇ। ਉਹਨਾਂ ਦੇ ਭਰੋਸੇ ਤੇ ਅੱਜ ਦਾ ਘਿਰਾਓ ਮੁਲਤਵੀ ਕਰ ਦਿੱਤਾ ਗਿਆ। ਗੁਰੂ ਨਾਨਕ ਪਾਰਕ ਵਿੱਚ ਇਕੱਠੇ ਹੋਏ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਮਸਲੇ ਦਾ ਹੱਲ ਨਾ ਹੋਣ ਦੀ ਸੂਰਤ ਵਿੱਚ ਅਗਲੇ ਸੰਘਰਸ਼ ਲਈ 12 ਜਨਵਰੀ ਨੂੰ ਮੀਟਿੰਗ ਕਰਨ ਦਾ ਫੈਸਲਾ ਕੀਤਾ ਗਿਆ। ਅੱਜ ਦੇ ਧਰਨੇ ਵਿੱਚ ਆਸ਼ਾ ਵਰਕਰਾਂ ਦੀ ਜਥੇਬੰਦੀ ਦੇ ਆਗੂ ਗੁਰਵਿੰਦਰ ਕੌਰ ਦੁਰਾਂਗਲਾ, ਗੁਰਮਿੰਦਰ ਕੌਰ ਬਹਿਰਾਮਪੁਰ, ਬਲਵਿੰਦਰ ਕੌਰ ਰਾਵਲਪਿੰਡੀ, ਪੈਨਸ਼ਨਰਜ਼ ਫਰੰਟ ਦੇ ਅਹੁਦੇਦਾਰ ਡਾਕਟਰ ਜਗਜੀਵਨ ਲਾਲ, ਹਰਭਜਨ ਸਿੰਘ ਮਾਂਗਟ, ਅਨੇਕ ਚੰਦ ਪਾਹੜਾ, ਰਜਵੰਤ ਸਿੰਘ, ਡੀ ਟੀ ਐਫ ਦੇ ਆਗੂ ਉਪਕਾਰ ਸਿੰਘ, ਵਰਗਿਸ ਸਲਾਮਤ, ਡਾਕਟਰ ਸਤਿੰਦਰ ਪਾਲ ਸਿੰਘ, ਗੁਰਦਿਆਲ ਚੰਦ, ਅਮਰਜੀਤ ਸਿੰਘ, ਸੁਖਵਿੰਦਰ ਸਿੰਘ, ਸੁਰਜੀਤ ਸਿੰਘ, ਮੈਡਮ ਸੁਲਖਣੀ, ਮਜ਼ਦੂਰ ਯੂਨੀਅਨ ਦੇ ਆਗੂ ਜੋਗਿੰਦਰ ਪਾਲ, ਸੁਨੀਲ ਕੁਮਾਰ, ਸੁਖਦੇਵ ਰਾਜ ਬਹਿਰਾਮਪੁਰ ਹਾਜ਼ਰ ਸਨ।



# ਸੀ ਐਨ ਆਈ ਚਰਚ ਭਗਵਾਨਪੁਰ ਵਿੱਚ ਨਵੇਂ ਸਾਲ ਦੇ ਮੌਕੇ ਤੇ ਪਾਦਰੀ ਅਜੇ ਨਾਇਰ ਨੂੰ ਸਨਮਾਨਿਤ ਕੀਤਾ ਗਿਆ।



ਦੀਨਾਨਗਰ (ਡਾ ਰਮੇਸ਼ ਸਰੰਗਲ ) ਅੱਜ ਸੀ ਐਨ ਆਈ ਚਰਚ ਭਗਵਾਨਪੁਰ ਵਿੱਚ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਪਾਦਰੀ ਅਜੇ ਨਾਇਰ ਨੇ ਪਵਿੱਤਰ ਬਾਈਬਲ ਚੋਂ ਬਚਨ ਪੜ ਕੇ ਸੁਣਾਇਆ ਅਤੇ ਕਿਹਾ ਕਿ ਅੱਜ ਇਸਵੀ ਸੰਨ ਇਸਨੂੰ ਪੂਰੇ ਸੰਸਾਰ ਵਿੱਚ ਮੰਨਦਾ ਹੈ। ਇਹ ਪ੍ਰਭੂ ਯਿਸੂ ਦੇ ਜਨਮ ਤੋ ਸੁਰੂ ਹੁੰਦਾ ਹੈ। ਪ੍ਰਭੂ ਯਿਸੂ 2025 ਸਾਲ ਪਹਿਲੇ ਇਸ ਸੰਸਾਰ ਵਿੱਚ ਆਏ ਸਨ। ਇਸ ਮੌਕੇ ਤੇ ਪਾਦਰੀ ਅਜੇ ਨਾਇਰ ਨੂੰ ਸੀ ਐਨ ਆਈ ਚਰਚ ਕਮੇਟੀ ਭਗਵਾਨਪੁਰ ਵੱਲੋ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਭਗਵਾਨਪੁਰ ਦੀ ਕਮੇਟੀ ਦੇ ਸਾਰੇ ਮੈਂਬਰ ਹਾਜ਼ਰ ਸਨ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਪੰਤਗ ਉਡਾਉਣ ਸਮੇਂ ਚਾਈਨਾ ਡੋਰ ਦੀ ਵਰਤੋਂ ਨਾ ਕਰ ਪਰੰਪਰਾਗਤ ਡੋਰ ਦੀ ਵਰਤੋਂ ਕੀਤੀ ਜਾਵੇ : ਡਾ ਰਮਨ



ਫਗਵਾੜਾ ( ਸੁਸ਼ੀਲ ਸ਼ਰਮਾ ) ਉੱਘੇ ਸਮਾਜ ਸੇਵੀ ਡਾ ਰਮਨ ਸ਼ਰਮਾ ਨੇ ਇੱਕ ਵਿਸ਼ੇਸ਼ ਭੇਟ ਵਾਰਤਾ ਦੌਰਾਨ ਕਿਹਾ ਕਿ ਪੰਤਗ ਉਡਾਉਣ ਸਮੇਂ ਚਾਇਨਾ ਡੋਰ ਦੀ ਵਰਤੋਂ ਨਾ ਕੀਤੀ ਜਾਵੇ ਉਹਨਾਂ ਕਿਹਾ ਕਿ ਪੰਤਗਬਾਜੀ ਦੇ ਸ਼ੌਕੀਨ ਚਾਇਨਾ ਡੋਰ ਦੀ ਵਰਤੋਂ ਨਾ ਕਰਨ ਅਤੇ ਲੋਕ ਚਾਈਨਾ ਡੋਰ ਦੀ ਵਰਤੋਂ ਕਰਨ ਤੋਂ ਪਰਹੇਜ ਕਰਨ ਉਹਨਾਂ ਕਿਹਾ ਕਿ ਪਾਬੰਦੀਸ਼ੁਦਾ ਚਾਈਨਾ ਡੋਰ ਸਾਰਿਆਂ ਲਈ ਹੀ ਨੁਕਸਾਨਦਾਇਕ ਹੈ ਅਤੇ ਪਿਛਲੇ ਸਮੇਂ ਵਿੱਚ ਅਨੇਕਾਂ ਹੀ ਵਿਅਕਤੀ ਵੀ ਚਾਈਨਾ ਡੋਰ ਦੀ ਲਪੇਟ ਵਿੱਚ ਆਉਣ ਕਾਰਨ ਜਖ਼ਮੀ ਹੋ ਚੁੱਕੇ ਹਨ ਅਤੇ ਲੋਕਾਂ ਦੇ ਮੰਨਾਂ ਦੇ ਵਿੱਚ ਇਸ ਨੂੰ ਲੈ ਕੇ ਡਰ ਵੀ ਪਾਇਆ ਜਾਂਦਾ ਹੈ ਕਿ ਰਸਤੇ ਵਿੱਚ ਕਿਧਰੇ ਵੀ ਵਿਸ਼ੇਸ਼ ਤੌਰ ਤੇ ਦੋ ਪਹੀਆਂ ਵਾਹਨ ਚਾਲਕਾਂ ਨੂੰ ਚਾਈਨਾ ਡੋਰ ਕਾਰਨ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਅਨੇਕਾਂ ਪੰਛੀ ਵੀ ਇਸਦੀ ਲਪੇਟ ਵਿੱਚ ਆ ਚੁੱਕੇ ਹਨ ਉਹਨਾਂ ਕਿਹਾ ਕਿ ਪੰਤਗਬਾਜੀ ਦੇ ਸੌਕੀਨਾ ਨੂੰ ਚਾਹੀਦਾ ਹੈ ਕਿ ਪੰਤਗ ਉਡਾਉਣ ਸਮੇਂ ਚਾਈਨਾ ਡੋਰ ਦੀ ਵਰਤੋਂ ਨਾ ਕੀਤੀ ਜਾਵੇ ਉਨ੍ਹਾ ਕਿਹਾ ਕਿ ਪ੍ਰਸ਼ਾਸਨ ਵਲੋਂ ਇਸ ਉਪਰ ਪਾਬੰਦੀ ਲਗਾਉਣਾ ਅਤਿ ਹੀ ਸ਼ਲਾਘੇਗ ਹੈ ਅਤੇ ਸਾਡਾ ਸਾਰਿਆਂ ਦਾ ਫਰਜ਼ ਵੀ ਬਣਦਾ ਹੈ ਕਿ ਪ੍ਰਸਾਸ਼ਨ ਨੂੰ ਸਹਿਯੋਗ ਦੇਣ ਦੇ ਨਾਲ-ਨਾਲ ਲੋਕਾਂ ਵਿੱਚ ਜਾਗ੍ਰਤਿ ਵੀ ਪੈਦਾ ਕਰੀਏ ਉਹਨਾਂ ਕਿਹਾ ਕਿ ਪੁਲਿਸ ਪ੍ਰਸ਼ਾਸਨ ਵਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ ਵੀ ਸਲਾਘਾਯੋਗ ਹਨ ਅਤੇ ਕਾਰਵਾਈਆਂ ਦੌਰਾਨ ਪੁਲਿਸ ਵਲੋਂ ਚਾਈਨਾ ਡੋਰ ਦੇ ਗੱਟੂ ਵੀ ਬਰਾਮਦ ਕੀਤੇ ਜਾ ਰਹੇ ਹਨ ਉਹਨਾਂ ਕਿਹਾ ਕਿ ਲੋਕ ਚਾਈਨਾ ਡੋਰ ਦੀ ਵਰਤੋਂ ਨਾ ਕਰਨ ਅਤੇ ਪੰਰਪਰਾਗਤ ਡੋਰ ਦੀ ਵਰਤੋਂ ਹੀ ਕੀਤੀ ਜਾਵੇ

# ਵਾਰਡ ਨੰਬਰ 37 ਦੇ ਨਵ-ਨਿਯੁਕਤ ਕੌਂਸਲਰ ਬੀਬੀ ਜਸਵਿੰਦਰ ਕੌਰ ਨੇ ਕਰਵਾਇਆ ਸ਼ੁਕਰਾਨਾ ਸਮਾਗਮ





ਫਗਵਾੜਾ (ਸੁਸ਼ੀਲ ਸ਼ਰਮਾ ) ਫਗਵਾੜਾ ਨਗਰ ਨਿਗਮ ਚੋਣਾਂ 'ਚ ਵਾਰਡ ਨੰਬਰ 37 ਦੇ ਨਵ-ਨਿਯੁਕਤ ਕੌਂਸਲਰ ਬੀਬੀ ਜਸਵਿੰਦਰ ਕੌਰ ਅਤੇ ਪਰਿਵਾਰ ਵਲੋਂ ਗੁਰਦੁਆਰਾ ਇਸਤਰੀ ਸਭਾ ਗੁਰੂ ਨਾਨਕ ਪੁਰਾ ਫਗਵਾੜਾ ਵਿਖੇ ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਸ਼੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਉਪਰੰਤ ਕੀਰਤਨੀ ਜੱਥੇ ਵਲੋਂ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਅਤੇ ਸਰਬਤ ਦੇ ਭਲੇ ਦੀ ਅਰਦਾਸ ਹੋਈ। ਪ੍ਰਬੰਧਕਾਂ ਵਲੋਂ ਕੌਂਸਲਰ ਜਸਵਿੰਦਰ ਕੌਰ ਨੂੰ ਗੁਰੂ ਬਖਸ਼ਿਸ਼ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ। ਕੌਂਸਲਰ ਜਸਵਿੰਦਰ ਕੌਰ ਅਤੇ ਉਹਨਾਂ ਦੇ ਪਤੀ ਠੇਕੇਦਾਰ ਬਲਜਿੰਦਰ ਸਿੰਘ ਸਾਬਕਾ ਕੌਂਸਲਰ ਨੇ ਵਾਰਡ ਦੇ ਸਮੂਹ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਭਰੋਸਾ ਦਿੱਤਾ ਕਿ ਵਾਰਡ ਵਾਸੀਆਂ ਨਾਲ ਚੋਣਾਂ ਤੋਂ ਪਹਿਲਾਂ ਕੀਤੇ ਸਾਰੇ ਵਾਅਦੇ ਪੂਰੇ ਕਰਦੇ ਹੋਏ ਵਾਰਡ ਦਾ ਸਮੁੱਚਾ ਵਿਕਾਸ ਬਿਨਾਂ ਕਿਸੇ ਪੱਖਪਾਤ ਤੋਂ ਕਰਵਾਇਆ ਜਾਵੇਗਾ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਸ਼੍ਰੋਮਣੀ ਅਕਾਲੀ ਦਲ (ਬ) ਦੇ ਹਲਕਾ ਇੰਚਾਰਜ ਰਣਜੀਤ ਸਿੰਘ ਖੁਰਾਣਾ, ਸੁਬਾਈ ਆਗੂ ਅਵਤਾਰ ਸਿੰਘ ਭੁੰਗਰਨੀ, ਹਰਵਿੰਦਰ ਸਿੰਘ ਲਵਲੀ, ਬਲਜੀਤ ਸਿੰਘ ਵਾਲੀਆ ਅਤੇ ਕੁਲਵਿੰਦਰ ਸਿੰਘ ਭੁੰਗਰਨੀ ਨੇ ਕੌਂਸਲਰ ਬੀਬੀ ਜਸਵਿੰਦਰ ਕੌਰ ਨੂੰ ਸ਼ੁੱਭ ਇੱਛਾਵਾਂ ਦਿੱਤੀਆਂ ਅਤੇ ਭਰੋਸਾ ਜਤਾਇਆ ਕਿ ਸ਼੍ਰੋਮਣੀ ਅਕਾਲੀ ਦਲ (ਬ) ਦੀਆਂ ਨੀਤੀਆਂ 'ਤੇ ਚਲਦਿਆਂ ਉਹਨਾਂ ਵਲੋਂ ਵਾਰਡ ਦਾ ਸਮੁੱਚਾ ਵਿਕਾਸ ਪੂਰੀ ਤਨਦੇਹੀ ਨਾਲ ਕਰਵਾਇਆ ਜਾਵੇਗਾ। ਇਸ ਮੌਕੇ ਕਮਲਜੀਤ ਸਿੰਘ ਸੰਧੂ ਪ੍ਰਵੇਸ਼ ਕੁਮਾਰ ਸੂਦ, ਰਣਜੀਤ ਸਿੰਘ ਚਾਨਾ, ਸੁਰਜੀਤ ਸਿੰਘ, ਲਖਵੀਰ ਸਿੰਘ, ਮੋਹਨ ਲਾਲ ਮਾਹੀ, ਅਮਨਦੀਪ ਸਿੰਘ, ਗੁਰਦੀਪ ਸਿੰਘ ਦੀਪਾ, ਸ਼ਰਨਜੀਤ ਕੌਰ, ਬਲਵਿੰਦਰ ਕੌਰ, ਪਿੰਕੀ ਚਾਨਾ, ਸਰਬਜੀਤ ਸਿੰਘ ਵਾਲੀਆ, ਸੁਮਿਤਾ ਸਿੰਗਲਾ, ਬੀਬੀ ਕਮਲਜੀਤ ਕੌਰ ਟਿੱਬੀ, ਸੁਖਵਿੰਦਰ ਕੌਰ, ਆਰਤੀ ਆਨੰਦ, ਪ੍ਰਦੀਪ ਕੌਰ, ਮਨਜੀਤ ਸਿੰਘ ਬਾਹੜਾ, ਦਵਿੰਦਰ ਸਿੰਘ ਬਾਂਸਲ, ਡਾ. ਗੁਰਪ੍ਰੀਤ ਸਿੰਘ ਸੈਣੀ ਆਦਿ ਹਾਜਰ ਸਨ

# ਫੋਟੋਗਰਾਫੀ ਐਸੋਸੀਏਸ਼ਨ ਗਿੱਦੜਬਾਹਾ ਵੱਲੋਂ ਸਰਬੱਤ ਦੇ ਭਲੇ ਲਈ ਪਾਠ ਦੇ ਭੋਗ ਪਾਏ



ਗਿੱਦੜਬਾਹਾ (ਲੋਕ ਬਾਣੀ) ਫੋਟੋਗ੍ਰਾਫੀ ਐਸੋਸੀਏਸ਼ਨ ਗਿੱਦੜਬਾਹਾ ਵੱਲੋਂ ਪ੍ਰਧਾਨ ਸ਼ਮਸ਼ੇਰ ਸਿੰਘ ਦੀ ਦੁਕਾਨ ਤੇ ਸਰਬੱਤ ਦੇ ਭਲੇ ਲਈ ਸ੍ਰੀ ਸੁਖਮਣੀ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕੇ ਭਰ ਦੀਆਂ ਸੰਗਤਾਂ ਨੇ ਸ਼ਮੂਲੀਅਤ ਕੀਤੀ। ਇਸ ਸਮੇਂ ਸਰਬਤ ਦੇ ਭਲੇ ਲਈ ਅਰਦਾਸ ਕੀਤੀ ਗਈ ਅਤੇ ਰਾਗੀ ਜੱਥੇ ਨੇ ਕੀਰਤਨ ਰਾਹੀ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਮੌਕੇ ਪ੍ਰਧਾਨ ਸ਼ਮਸ਼ੇਰ ਸਿੰਘ ਤੋਂ ਇਲਾਵਾ ਬੱਬੂ ਬਰਾੜ, ਸੰਦੀਪ ਕੋਟਭਾਈ, ਕਰਮਿੰਦਰ ਥਾਣਾ, ਗੈਰੀ ਗਿੱਲ, ਗਗਨ ਸ਼ੇਖ, ਅਰਸ਼ੀ ਬਰਾੜ ਅਤੇ ਮਨਜੀਤ ਨਾਰਾਪਾਲ, ਰਾਜੂ ਮੋਗਾ, ਹੈਪੀ, ਸੰਦੀਪ ਸਿੰਘ, ਬਿੱਟੂ ਮਲੋਟ, ਰਮੇਸ਼ ਮਲੋਟ, ਕੁਲਦੀਪ ਕੋਟਭਾਈ, ਕੁਲਵਿੰਦਰ ਢਿੱਲੋ, ਸ਼ਾਮ ਲਾਲ, ਗੁਰਤੇਜ ਸਿੰਘ ਦੋਲਾ, ਰਵੀ, ਨਵੀਂ, ਦਵਿੰਦਰ ਸਿੰਘ ਅਤੇ ਅਸ਼ੋਕ ਕੁਮਾਰ ਆਦਿ ਵੀ ਹਾਜ਼ਰ ਸਨ।

# ਮਿਉਂਸਪਲ ਯੂਥ ਇੰਪਲਾਈਜ ਫੈਡਰੇਸ਼ਨ ਦੇ ਪ੍ਰਧਾਨ ਆਸ਼ੂ ਨਾਹਰ ਨੇ ਨਵੇਂ ਸਾਲ ਤੇ ਸ਼ਹਿਰ ਵਾਸੀਆਂ ਨੂੰ ਦਿੱਤੀਆਂ ਸ਼ੁਭਕਾਮਨਾਵਾਂ



ਅੰਮ੍ਰਿਤਸਰ, (ਲੋਕ ਬਾਣੀ) ਮਿਊਂਸਿਪਲ ਯੂਥ ਇੰਪਲਾਇਜ ਫੈਡਰੇਸ਼ਨ ਦੇ ਪ੍ਰਧਾਨ ਅਤੇ ਸਕੱਤਰ ਪੰਜਾਬ ਆਸ਼ੂ ਨਾਹਰ ਅਤੇ ਨਗਰ ਨਿਗਮ ਆਟੋ ਵਰਕਸ਼ਾਪ ਦੇ ਇੰਚਾਰਜ ਮੈਡਮ ਰਮਾ ਅਤੇ ਸਮੁੱਚੀ ਟੀਮ ਵੱਲੋਂ ਨਗਰ ਨਿਗਮ ਆਟੋ ਵਰਕਸ਼ਾਪ ਹਾਥੀ ਗੇਟ ਵਿਖੇ ਨਵੇਂ ਸਾਲ ਦੇ ਸੰਬੰਧ ਵਿਚ ਚਾਹ ਅਤੇ ਬ੍ਰੈਡ ਦਾ ਲੰਗਰ ਲਗਾਇਆ ਗਿਆ ਇਸ ਮੌਕੇ ਨਗਰ ਨਿਗਮ ਦੇ ਅਸਿਸਟੈਂਟ ਕਮਿਸ਼ਨਰ ਵਿਸ਼ਾਲ ਵਧਾਵਨ, ਸਮਾਜ ਸੇਵਕ ਕਮਲ ਕੁਮਾਰ, ਕੌਂਸਲਰ ਵਿੱਕੀ ਦੱਤਾ, ਭਾਜਪਾ ਆਗੂ ਸ਼ਸ਼ੀ ਗਿੱਲ, ਸਮਾਜ ਸੇਵਕ ਰੋਹਿਤ ਕੁਮਾਰ ਲੋਗੀ, ਜੇ ਈ ਕੁਲਵਿੰਦਰ ਸਿੰਘ, ਲਾਟੀ ਪਹਿਲਵਾਨ ਨੇ ਵਿਸ਼ੇਸ਼ ਤੋਰ ਤੇ ਸ਼ਿਰਕਤ ਕੀਤੀ ਅਤੇ ਲੰਗਰ ਦੀ ਸ਼ੁਰੂਆਤ ਕਰਵਾਈ।

ਆਸ਼ੂ ਨਾਹਰ ਨੇ ਕਿਹਾ ਕਿ ਨਗਰ ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ,ਜਾਇੰਟ ਕਮਿਸ਼ਨਰ,ਸੰਯੁਕਤ ਕਮਿਸ਼ਨਰ ਦੀ ਦੇਖਰੇਖ ਦੇ ਵਿੱਚ ਸਮੂਹ ਸਫਾਈ ਕਰਮਚਾਰੀ ਗੁਰੂ ਨਗਰੀ ਦੀ ਖੂਬਸੂਰਤੀ ਨੂੰ ਲੈ ਕੇ ਹਮੇਸ਼ਾ ਬਚਨ ਵੱਧ ਹਨ। ਉਸ ਦੇ ਨਾਲ ਨਾਲ ਯੂਥ ਇਮਪਲਾਈਜ ਫੈਡਰੇਸ਼ਨ ਜ਼ਰੂਰਤਮੰਦ ਲੋਕਾਂ ਦੀ ਸਹਾਇਤਾ ਸਮੇਤ ਸਮਾਜ ਸੇਵੀ ਕੰਮਾਂ ਵਿੱਚ ਵੀ ਹਮੇਸ਼ਾ ਵੱਧ ਚੜ ਕੇ ਯੋਗਦਾਨ ਅਦਾ ਕਰਦੀ। ਉਹਨਾਂ ਵੱਲੋਂ ਨਵੇਂ ਸਾਲ ਦੇ ਆਗਮਨ ਤੇ ਸਮੂਹ ਸ਼ਹਿਰ ਵਾਸੀਆਂ ਨਗਰ ਨਿਗਮ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸ਼ੁਭਕਾਮਨਾਵਾਂ ਵੀ ਭੇਟ ਕੀਤੀਆਂ ਗਈਆਂ। ਜਥੇਬੰਦੀ ਦੇ ਚੇਅਰਮੈਨ ਰਾਜ ਕੁਮਾਰ ਰਾਜੂ, ਸੈਕਟਰੀ ਰਾਜ ਕਲਿਆਣ, ਸੁਪਰਵਾਈਜ਼ਰ ਦੀਪਕ ਸਭਰਵਾਲ ਸਮੇਤ ਵੱਡੀ ਗਿਣਤੀ ਸੰਗਤਾਂ ਨੇ ਲੰਗਰ ਛੱਕਿਆ ਜਿਕਰਯੋਗ ਹੈ ਕਿ ਇਹ ਲੰਗਰ ਪਿਛਲੇ 15 ਸਾਲਾਂ ਤੋਂ ਹਰ ਸਾਲ ਲਗਾਇਆ ਜਾਂਦਾ ਹੈ। ਪ੍ਰਧਾਨ ਆਸ਼ੂ ਨਾਹਰ ਨੇ ਸਮੂਹ ਸ਼ਹਿਰ ਵਾਸੀਆਂ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ।

# ਮੈਂ ਆਪਣੇ ਜੀਵਨ ਕਾਲ ਵਿੱਚ ਅਜਿਹਾ ਵਿਸ਼ਾਲ ਭੰਡਾਰਾ ਨਹੀਂ ਦੇਖਿਆ -- ਸਿੱਖਿਆ ਮੰਤਰੀ ਮਦਨ ਦਿਲਾਵਰ

ਗਿੱਦੜਬਾਹਾ(ਲੋਕ ਬਾਣੀ) ਸਮਾਜ ਸੇਵੀ ਸੰਸਥਾ ਮਾਂ ਵੈਸ਼ਨੋ ਦੇਵੀ ਇੰਟਰਨੈਸ਼ਨਲ ਫਾਊਂਡੇਸ਼ਨ ਵੱਲੋਂ ਦੁਰਗਾ ਰੈਡੀਡੈਂਸੀ ਰੇਲਵੇ ਰੋਡ ਕਟੜਾ ਵਿੱਚ ਲਗਾਏ ਜਾ ਰਹੇ 15ਵੇਂ ਵਿਸ਼ਾਲ ਭੰਡਾਰੇ ਵਿੱਚ ਨਵਾਂ ਸਾਲ ਦੀ ਪੂਰਵ ਸੰਧਿਆ ਤੇ ਮਾਂ ਭਗਵਤੀ ਦੀ ਵਿਸ਼ਾਲ ਚੌਕੀ ਦਾ ਆਯੋਜਨ ਕੀਤਾ ਗਿਆ। ਇਸ ਚੌਕੀ ਵਿੱਚ ਰਾਜਸਥਾਨ ਸਰਕਾਰ ਦੇ ਸਿੱਖਿਆ ਅਤੇ ਪੰਚਾਇਤ ਮੰਤਰੀ ਮਦਨ ਦਿਲਾਵਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਆਪਣੇ ਪਰਿਵਾਰ ਸਮੇਤ ਜੋਤੀ ਪ੍ਰਚੰਡ ਕਰਨ ਦੀ ਰਸਮ ਅਦਾ ਕੀਤੀ ਚੌਕੀ ਦੌਰਾਨ ਆਸਟ੍ਰੇਲੀਆ ਤੋਂ ਭਜਨ ਗਾਇਕ ਦੇਵ ਚੰਚਲ ਅਤੇ ਕੁਰੂਕਸ਼ੇਤਰ ਤੋਂ ਗਾਇਕ ਬੱਬੂ ਚਾਵਲਾ ਨੇ ਆਪਣੇ ਭਜਨਾਂ ਨਾਲ ਸਾਰੇ ਭਗਤ ਜਨਾਂ ਨੂੰ ਮੰਤਰ ਮੁਕਤ ਕਰ ਦਿੱਤਾ। ਇਸ ਮੌਕੇ ਮਦਨ ਦਿਲਾਵਰ ਨੇ ਕਿਹਾ ਕਿ ਮੈਂ ਆਪਣੇ ਜੀਵਨ ਕਾਲ ਵਿੱਚ ਇੰਨਾ ਵਿਸ਼ਾਲ ਭੰਡਾਰਾ ਨਹੀਂ ਦੇਖਿਆ ਜਿਸ ਵਿੱਚ ਸਿਹਤਮੰਦ ਸੁਆਦੀ ਤੇ ਹਾਈਜੀਨ ਖਾਣਾ ਅਤੇ ਸੁਵਿਧਾਵਾਂ ਹੋਣ। ਉਨ੍ਹਾਂ ਨੇ ਕਿਹਾ ਕਿ ਕਟੜਾ ਵਿੱਚ ਚੱਲ ਰਹੀ ਹੜਤਾਲ ਦੇ ਕਾਰਨ ਟਰੱਸਟ ਦਾ ਭੰਡਾਰਾ ਇੱਕ ਸੰਕਟ ਮੋਚਨ ਸਾਬਤ ਹੋ ਰਿਹਾ ਹੈ। ਇਸ ਮੌਕੇ ਰਾਸ਼ਟਰੀ ਪ੍ਰਧਾਨ ਰਾਜੇਸ਼ ਜੈਨ ਅਤੇ ਟਰੱਸਟ ਦੇ ਅਹੁਦੇਦਾਰਾਂ ਨੇ ਮੁੱਖ ਮਹਿਮਾਨ ਮਦਨ ਦਿਲਾਵਰ ਨੂੰ ਮਾਂ ਵੈਸ਼ਨੋ ਦੇ ਸਮ੍ਰਿਤੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਪ ਪ੍ਰਧਾਨ ਕ੍ਰਿਸ਼ਨ ਕੁਮਾਰ ਜੈਨ, ਤਰੁਣ ਬਾਂਸਲ, ਅਨਿਲ ਗਰਗ,ਗਗਨ ਗੋਇਲ, ਤਰਸੇਮ ਗਰਗ, ਸ਼ਮਸ਼ੇਰ ਸਿੰਘ,ਪਾਵਨ ਗਾਬਾ, ਸ਼ੁਭਮ ਗਰਗ,ਗੌਰਵ ਗੁਪਤਾ, ਪੰਕਜ ਗੋਇਲ,ਗੌਰਵ ਬਾਂਸਲ, ਅਭਿਸ਼ੇਕ ਗਰਗ, ਅਮਿਤ ਗੋਇਲ, ਸ਼੍ਰੀ ਚੰਦ, ਮਯੰਕ ਜੈਨ,ਭਾਰਤ ਭੂਸ਼ਨ, ਸਤੀਸ਼ ਅਗਰਵਾਲ, ਮਨੋਜ ਗੁਪਤਾ,ਗੋਲੂ ਸਿੰਗਲਾ,ਨਾਨੂ ਰਾਮ ਮਿੱਤਲ, ਮਿੰਟਾਂ ਜੈਨ, ਮੁਕੇਸ਼ ਗਰਗ, ਚੁੰਨੀ ਲਾਲ, ਵਿਜੇ ਕੁਮਾਰ, ਅੰਗਰੇਜ਼ ਸਿੰਘ, ਅੰਮ੍ਰਿਤ ਲਾਲ, ਅਤੁਲ ਪ੍ਰਕਾਸ਼, ਸੰਦੀਪ ਗਰਗ ਗੱਬਰ, ਚਿਰਾਗ ਗੁਪਤਾ, ਸਤੀਸ਼ ਸ਼ਰਮਾ, ਦੇਵੀ ਦਿਆਲ, ਗੁਲਾਬਾ, ਆਸ਼ੀਸ਼ ਖੰਨਾ, ਸੋਹਨ ਲਾਲ, ਵਿਨੋਦ, ਹੈਪੀ ਉਚਾਨਾ, ਦਿਨੇਸ਼ ਵਧਵਾ, ਮੋਨਿਕਾ ਅਗਰਵਾਲ, ਗਿਰਧਾਰੀ ਲਾਲ, ਨੇਮ ਚੰਦ, ਅਨਿਲ ਅਗਰਵਾਲ, ਅਨਿਲ ਖੰਨਾ, ਮੁਕੇਸ਼ ਵਿਰਮਾਣੀ, ਰਮੇਸ਼ ਛਾਬੜਾ, ਗੋਰਵ ਗੁਪਤਾ, ਚੰਚਲਦੀਪ ਸ਼ਰਮਾ, ਕੈਲਾਸ਼ ਸ਼ਾਸਤਰੀ, ਮੁਕੇਸ਼ ਗੋਇਲ, ਸੁਮਿਤ ਸਿੰਘਲਾ,ਹਰਿਸ਼ ਚੰਦਾ, ਅਤੇ ਕੀਰਤੀ ਦੇਵ ਆਦਿ ਵੀ ਹਾਜ਼ਰ ਸਨ।



# ਪੰਜਾਬ ਅਤੇ ਪੰਜਾਬੀਅਤ ਦੀ ਸੇਵਾ ਲਈ ਨੌਜਵਾਨਾਂ ਨੂੰ ਅੱਗੇ ਆਉਣ ਦੀ ਅਪੀਲ: ਡਿਪਟੀ ਸਪੀਕਰ ਜੈ ਕ੍ਰਿਸ਼ਨ ਰੋੜੀ

ਮਾਨਸਾ, 02 ਜਨਵਰੀ: (ਮਨੋਜ)



ਪੰਜਾਬ ਦੇ ਨੌਜਵਾਨਾਂ ਨੂੰ ਪੰਜਾਬ ਅਤੇ ਪੰਜਾਬੀਅਤ ਦੀ ਸੇਵਾ ਲਈ ਪ੍ਰੇਰਿਤ ਕਰਦੇ ਹੋਏ, ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸ਼੍ਰੀ ਜੈ ਕ੍ਰਿਸ਼ਨ ਰੋੜੀ ਨੇ ਕਿਹਾ ਕਿ ਨੌਜਵਾਨ ਹੀ ਸੂਬੇ ਨੂੰ ਤਰੱਕੀ ਦੇ ਨਵੇਂ ਮੰਜਿਲਾਂ ਤੱਕ ਲਿਜਾ ਸਕਦੇ ਹਨ। ਉਨ੍ਹਾਂ ਨੇ ਪਿੰਡ ਕਿਸ਼ਨਗੜ੍ਹ ਸੱਦਾ ਸਿੰਘ ਵਾਲਾ ਵਿਖੇ ਪਹੁੰਚ ਕੇ ਇਸ ਸੋਚ ਦਾ ਪ੍ਰਗਟਾਵਾ ਕੀਤਾ।

ਪਿੰਡ ਪਹੁੰਚਣ ’ਤੇ ਡਿਪਟੀ ਸਪੀਕਰ ਦਾ ਨਿੱਘਾ ਸਵਾਗਤ ਕੀਤਾ ਗਿਆ। ਸਮਾਜ ਸੇਵੀ ਅਤੇ ਐਨ.ਆਰ.ਆਈ. ਸ਼੍ਰੀ ਲਵਪ੍ਰੀਤ ਸਿੰਘ, ਜੋ ਕਿ ਆਸਟਰੇਲੀਆ ਵਿੱਚ ਰਹਿੰਦੇ ਹੋਏ ਵੀ ਪੰਜਾਬ ਦੀ ਸੇਵਾ ਕਰ ਰਹੇ ਹਨ, ਵੱਲੋਂ ਉਨ੍ਹਾਂ ਦਾ ਖਾਸ ਤੌਰ ’ਤੇ ਸਨਮਾਨ ਕੀਤਾ ਗਿਆ। ਡਿਪਟੀ ਸਪੀਕਰ ਨੇ ਸ਼੍ਰੀ ਲਵਪ੍ਰੀਤ ਸਿੰਘ ਦੇ ਸੇਵਾ ਭਾਵ ਨੂੰ ਸਰਾਹਿਆ ਅਤੇ ਨੌਜਵਾਨਾਂ ਨੂੰ ਉਨ੍ਹਾਂ ਦੀ ਤਰ੍ਹਾਂ ਸੇਵਾ ਦੇ ਕਾਰਜਾਂ ਵੱਲ ਮੋੜਨ ਦੀ ਅਪੀਲ ਕੀਤੀ।

ਇਸ ਮੌਕੇ ਵਿਧਾਇਕ ਬੁਢਲਾਡਾ ਪ੍ਰਿੰਸੀਪਲ ਸ਼੍ਰੀ ਬੁੱਧ ਰਾਮ ਵੀ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਤਰੱਕੀ ਦੇ ਰਾਹ ’ਤੇ ਲਿਜਾਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਉਨ੍ਹਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਅਤੇ ਸਹੂਲਤਾਂ ਲਈ ਪ੍ਰਤੀਬੱਧ ਹੈ ਅਤੇ ਇਸ ਲਈ ਵੱਖ-ਵੱਖ ਯੋਜਨਾਵਾਂ ’ਤੇ ਕੰਮ ਕਰ ਰਹੀ ਹੈ।

ਡਿਪਟੀ ਸਪੀਕਰ ਨੇ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਆਪਣੀ ਪਹੁੰਚ ਦੀ ਸਮਰੱਥਾ ਨੂੰ ਸਮਾਜ ਦੇ ਭਲਾਈ ਕਾਰਜਾਂ ਵੱਲ ਮੋੜਨ। ਉਨ੍ਹਾਂ ਕਿਹਾ ਕਿ ਪੰਜਾਬੀਅਤ ਅਤੇ ਪੰਜਾਬ ਦੀ ਧਰਤੀ ਦੀ ਸੇਵਾ ਕਰਨਾ ਸਿਰਫ ਇੱਕ ਸਨਮਾਨ ਨਹੀਂ, ਸਗੋਂ ਇਹ ਇੱਕ ਜ਼ਿੰਮੇਵਾਰੀ ਹੈ। ਉਨ੍ਹਾਂ ਨੌਜਵਾਨਾਂ ਨੂੰ ਆਪਣੇ ਸੂਬੇ ਅਤੇ ਭਾਸ਼ਾ ਦੀ ਸੇਵਾ ਲਈ ਜੁਟਣ ਦਾ ਸੰਦੇਸ਼ ਦਿੱਤਾ।

# ਯੁਵਕ ਸੇਵਾਵਾਂ ਵਿਭਾਗ ਵੱਲੋਂ ਦਿੱਲੀ ਐਕਸਪੋਜਰ ਪ੍ਰੋਗਰਾਮ ਲਈ ਕੀਤੇ ਨੌਜਵਾਨ ਰਵਾਨਾ




ਮਾਨਸਾ 2 ਜਨਵਰੀ (ਮਨੋਜ)ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ ਚਲਾਏ ਜਾ ਰਹੇ ਦਿੱਲੀ ਐਕਸਪੋਜ਼ਰ ਪ੍ਰੋਗਰਾਮ ਤਹਿਤ ਅੱਜ ਨੌਜਵਾਨਾ ਨੂੰ ਰਵਾਨਾ ਕੀਤਾ ਗਿਆ

ਇਸ ਪ੍ਰੋਗਰਾਮ ਦੀ ਜਾਣਕਾਰੀ ਦਿੰਦੇ ਹੋਏ ਸ੍ਰੀ ਰਘਵੀਰ ਮਾਨ ਸਹਾਇਕ ਡਾਇਰੈਕਟਰ ਦੱਸਿਆ ਕਿ ਜ਼ਿਲ੍ਹਾ ਬਠਿੰਡਾ, ਸ੍ਰੀ ਮੁਕਤਸਰ ਸਾਹਿਬ ਅਤੇ ਮਾਨਸਾ ਦੇ 135 ਲੜਕੇ ਅਤੇ ਲੜਕੀਆਂ ਦਿੱਲੀ ਲਈ ਰਵਾਨਾ ਹੋਏ ਪੰਜਾਬ ਦੇ ਨੌਜਵਾਨਾਂ ਨੂੰ ਦਿੱਲੀ ਦਿਖਾਉਣ ਲਈ ਵਿਭਾਗ ਵੱਲੋਂ ਪੂਰੇ ਪੰਜਾਬ ਵਿੱਚ ਪ੍ਰੋਗਰਾਮ ਚਲਾਏ ਜਾ ਰਹੇ ਹਨ। ਇਸ ਪ੍ਰੋਗਰਾਮ ਦੌਰਾਨ ਨੌਜਵਾਨਾਂ ਨੂੰ ਆਉਣ ਜਾਣ, ਰਹਿਣ ਸਹਿਣ ਅਤੇ ਖਾਣ ਪੀਣ ਦਾ ਖਰਚਾ ਵਿਭਾਗ ਵੱਲੋਂ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਦੂਜੇ ਸੂਬਿਆਂ ਦੇ ਸੱਭਿਆਚਾਰ, ਸੰਸਕ੍ਰਿਤੀ ਅਤੇ ਰੀਤੀ ਰਿਵਾਜਾਂ ਬਾਰੇ ਜਾਣੂ ਕਰਾਉਣਾ ਹੈ। ਇਸ ਪ੍ਰੋਗਰਾਮ ਦੌਰਾਨ ਦਿੱਲੀ ਦੇ ਸਾਰੇ ਧਾਰਮਿਕ ਅਤੇ ਇਤਿਹਾਸਿਕ ਸਥਾਨਾਂ ਦੇ ਦਰਸ਼ਨ ਕਰਵਾਏ ਜਾਣਗੇ ਤਾਂ ਕਿ ਅਨੇਕਤਾ ਵਿੱਚ ਏਕਤਾ ਦਾ ਭਰਾਤਰੀ ਭਾਵ ਬਣਿਆ ਰਹੇ ।

ਇਸ ਹੋਰਨਾਂ ਤੋਂ ਇਲਾਵਾ ਗੁਰਦੀਪ ਸਿੰਘ ਸਟੈਨੋ, ਜਗਸੀਰ ਸਿੰਘ ਬਰਾੜ, ਹਰਪ੍ਰੀਤ ਸਿੰਘ, ਕੁਲਦੀਪ ਸਿੰਘ ਮੈਡਮ, ਡਾਕਟਰ ਹਰਜੀਤ ਕੌਰ ਪ੍ਰੋਫੈਸਰ ਯੋਗਤਾ ਜੋਸ਼ੀ, ਅਮਰਿੰਦਰ, ਸੋਨੀ ਢਿੱਲੋ, ਸਤਿੰਦਰ ਸੈਣੀ ਅਤੇ ਮਨਪ੍ਰੀਤ ਸਿੰਘ ਹਾਜ਼ਰ ਸਨ।

# ਜ਼ਿਲ੍ਹਾ ਪੁਲਿਸ ਨੇ ਨਸ਼ਿਆਂ ਖਿਲਾਫ ਵਿੱਢੀ ਸਫਲ ਮੁਹਿੰਮ ਜਾਗਰੂਕਤਾ ਵੀ ਫੈਲਾਈ ਤੇ ਤਸਕਰ ਵੀ ਫੜੇ

ਮਲੋਟ (ਲੋਕ ਬਾਣੀ) ਨਰਿੰਦਰ ਵਧਵਾ/ਸਾਲ 2024 ਦੌਰਾਨ ਜ਼ਿਲ੍ਹਾ ਪੁਲਿਸ ਸ਼੍ਰੀ ਮੁਕਤਸਰ ਸਾਹਿਬ ਨੇ ਜਿੱਥੇ ਜ਼ਿਲ੍ਹੇ ਦੇ ਲੋਕਾਂ ਨਾਲ ਸਾਂਝ ਪਾਈ ਉੱਥੇ ਹੀ ਇਸ ਵੱਲੋਂ ਨਸ਼ਿਆਂ ਖਿਲਾਫ ਵੀ ਕਾਰਗਾਰ ਮੁਹਿੰਮ ਤਹਿਤ ਅਨੇਕਾਂ ਪ੍ਰਾਪਤੀਆਂ ਕੀਤੀਆਂ ਗਈਆਂ। ਮਾਨਯੋਗ ਸ੍ਰੀ ਤੁਸ਼ਾਰ ਗੁਪਤਾ ਆਈਪੀਐਸ ਐਸ ਪੀ ਸ੍ਰੀ ਮੁਕਤਸਰ ਸਾਹਿਬ ਜੀ ਦੀ ਅਗਵਾਈ ਵਿੱਚ ਪੁਲਿਸ ਵੱਲੋਂ ਲੋਕਾਂ ਨਾਲ ਸਿੱਧਾ ਰਾਬਤਾ ਵਧਾਉਂਦਿਆਂ ਨਸ਼ਿਆਂ ਖਿਲਾਫ ਜਿੱਥੇ ਵੱਡੀ ਜਨ ਜਾਗ੍ਰਿਤੀ ਲਈ ਕੰਮ ਕੀਤਾ । ਉੱਥੇ ਹੀ ਟ੍ਰੈਫਿਕ ਨਿਯਮਾਂ ਬਾਰੇ ਵੀ ਚੇਤਨਾ ਲਹਿਰ ਚਲਾਈ ਇਸ ਕੰਮ ਲਈ ਪੁਲਿਸ ਵੱਲੋਂ ਇੱਕ ਵਿਸ਼ੇਸ਼ ਪੁਲਿਸ ਟੀਮ ਗਠਿਤ ਕੀਤੀ ਗਈ ਜੋ ਕਿ ਹਰ ਰੋਜ਼ ਦਿਨ ਰਾਤ ਸਮੇਂ ਪਿੰਡਾਂ ਅਤੇ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਜਾ ਕੇ ਪ੍ਰੋਜੈਕਟਰ ਰਾਹੀਂ ਜਨ ਜਾਗਰੂਕਤਾ ਦੀਆਂ ਫਿਲਮਾਂ ਵਿਖਾਉਂਦੇ ਹਨ ਅਤੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਦੇ ਹਨ । ਸ੍ਰੀ ਤੁਸ਼ਾਰ ਗੁਪਤਾ ਆਈ ਪੀ ਐਸ ਜੀ ਨੇ ਦੱਸਿਆ ਕਿ ਇਸ ਤਰ੍ਹਾਂ ਲੋਕਾਂ ਨਾਲ ਪੁਲਿਸ ਦਾ ਸਿੱਧਾ ਰਾਬਤਾ ਜੁੜਦਾ ਹੈ ਅਤੇ ਲੋਕ ਪੁਲਿਸ ਨੂੰ ਆਪਣੀ ਮਦਦਗਾਰ ਸਮਝਦੇ ਹੋਏ ਪੁਲਿਸ ਨੂੰ ਨਸ਼ਾ ਤਸਕਰਾਂ ਸਬੰਧੀ ਸੂਚਨਾ ਵੀ ਦਿੰਦੇ ਹਨ ਅਤੇ ਪੁਲਿਸ ਪ੍ਰਤੀ ਲੋਕਾਂ ਦੇ ਨਜ਼ਰੀਏ ਵਿੱਚ ਵੀ ਬਦਲਾਅ ਆ ਰਿਹਾ ਹੈ। ਇਸੇ ਤਰ੍ਹਾਂ 1 ਜਨਵਰੀ 2024 ਤੋਂ ਪੂਰੇ ਸਾਲ ਤੱਕ ਪੁਲਿਸ ਦੀਆਂ ਅਲੱਗ ਅਲੱਗ ਟੀਮਾਂ ਵੱਲੋਂ 115 ਸਕੂਲ/ਕਾਲਜਾਂ,903 ਪਿੰਡਾਂ/ਸ਼ਹਿਰਾ ਤੇ ਹੋਰ ਮਹੱਤਵਪੂਰਨ ਥਾਵਾਂ ਤੇ ਕੁੱਲ 1018 ਸੈਮੀਨਾਰ ਲਗਾ ਕੇ ਟ੍ਰੈਫਿਕ ਨਿਯਮਾਂ ਪ੍ਰਤੀ, ਨਸ਼ਿਆਂ ਸਬੰਧੀ ਅਤੇ ਸਾਇਬਰ ਕ੍ਰਾਈਮ ਬਾਰੇ ਜਾਗਰੂਕ ਕੀਤਾ ਗਿਆ ਇਸ ਲਹਿਰ ਵਿੱਚ ਪਿੰਡਾਂ/ਸ਼ਹਿਰਾਂ ਅਤੇ ਸਕੂਲਾਂ/ਕਾਲਜਾਂ ਦੇ ਕੁੱਲ 72260 ਲੋਕਾਂ/ਵਿਦਿਆਰਥੀਆਂ ਨੂੰ ਜਾਗਰੂਕ ਕਰ ਇਸ ਚੈਤਨਾ ਲਹਿਰ ਨਾਲ ਜੋੜਿਆ। ਦੂਜੇ ਪਾਸੇ ਪੁਲਿਸ ਵੱਲੋਂ ਨਸ਼ਿਆਂ ਦੀ ਸਪਲਾਈ ਲਾਈਨ ਤੋੜਨ ਲਈ ਵੀ ਸਾਲ 2024 ਦੌਰਾਨ ਪੂਰੀ ਚੌਕਸੀ ਰੱਖਦਿਆਂ ਐਨ ਡੀ ਪੀ ਐਸ, ਐਕਟ ਤਹਿਤ ਕੁੱਲ 348 ਮਾਮਲੇ ਦਰਜ਼ ਕੀਤੇ ਗਏ ਅਤੇ 522 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸ ਐਸ ਪੀ ਜੀ ਨੇ ਦੱਸਿਆ ਕਿ ਸਾਲ ਦੌਰਾਨ 19,289 ਕਿਲੋ ਅਫੀਮ,1460,265 ਕਿਲੋ ਪੋਸਤ,63149 ਨਸ਼ੀਲੀਆਂ ਗੋਲੀਆਂ ਅਤੇ ਕੈਪਸੂਲ,5,861 ਕਿਲੋ ਗਾਜ਼ਾ,4,317 ਕਿਲੋ ਗ੍ਰਾਮ ਹੈਰੋਇਨ,186 ਨਸ਼ੀਲੀਆਂ ਸ਼ੀਸ਼ੀਆਂ ਬਰਾਮਦ,14 ਗ੍ਰਾਮ ਨਸ਼ੀਲਾ ਪਾਊਡਰ,30 ਗ੍ਰਾਮ ਸਮੈਕ ਅਤੇ 28 ਕਿਲੋ ਪੋਸਤ ਦੇ ਹਰੇ ਪੋਦੇ ਬ੍ਰਾਮਦ ਕੀਤੇ ਗਏ ਹਨ। ਇਸ ਦੇ ਨਾਲ ਹੀ ਸ੍ਰੀ ਮੁਕਤਸਰ ਸਾਹਿਬ ਪੁਲਿਸ ਵੱਲੋਂ ਕਾਰਵਾਈ ਕਰਦੇ ਹੋਏ 2024 ਸਾਲ ਦੌਰਾਨ ਜਿਨਾਂ ਸਮਗਲਰਾਂ ਤੇ ਐਨ ਡੀ ਪੀ ਐਸ ਐਕਟ ਦੇ ਕਮਰਸੀਅਲ ਕੁਆਲਿਟੀ ਦੇ ਮੁਕਦਮੇ ਦਰਜ਼ ਸਨ ਅਤੇ ਉਨ੍ਹਾਂ 17, ਨਸ਼ਾ ਤਸਕਰਾਂ ਵੱਲੋਂ ਬਣਾਈ ਗਈ ਪ੍ਰੋਪਰਟੀ ਨੂੰ ਕੈਪਿਟੈਟ ਅਥਾਰਿਟੀ ਦਿੱਲੀ ਪਾਸ ਭੇਜਿਆ ਗਿਆ ਅਤੇ ਫਰੀਜ ਕਰਵਾਇਆ ਗਿਆ। ਜਿਨਾਂ ਦੀ ਪ੍ਰੋਪਰਟੀ ਦੀ ਕੁੱਲ 418-82506 ਰੁਪਏ ਕੀਮਤ ਬਣਦੀ ਹੈ। ਇਸੇ ਤਰ੍ਹਾਂ ਐਕਸਾਈਜ਼ ਐਕਟ ਤਹਿਤ 301 ਮਾਮਲੇ ਦਰਜ਼ ਕਰਕੇ 306 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਪਾਸੋਂ 1769,752 ਲੀਟਰ



ਜਾਇਜ਼ ਸ਼ਰਾਬ,1230,88 ਕੁਇੰਟਲ ਲਾਹਣ 8 ਭੱਠੀਆਂ ਅਤੇ 1410,760 ਲੀਟਰ ਅੰਗਰੇਜ਼ੀ ਸ਼ਰਾਬ ਬ੍ਰਾਮਦ ਕੀਤੀ ਗਈ। ਇਸੇ ਤਰ੍ਹਾਂ ਟ੍ਰੈਫਿਕ ਨਿਯਮਾਂ ਦੀ ਸਖਤੀ ਨਾਲ ਪਾਲਣਾ ਯਕੀਨੀ ਬਣਾਉਣ ਲਈ ਵੀ ਪੁਲਿਸ ਨੇ ਮੁਸਤੈਦੀ ਨਾਲ ਭੂਮਿਕਾ ਨਿਭਾਈਂ ਕਿਉਂਕਿ ਟ੍ਰੈਫਿਕ ਨਿਯਮਾਂ ਦੀ ਅਣਦੇਖੀ ਮਨੁੱਖੀ ਜੀਵਨ ਲਈ ਵੀ ਕਈ ਵਾਰ ਵੱਡਾ ਖਤਰਾ ਵੀ ਬਣ ਜਾਂਦੀ ਹੈ। ਇਸ ਲਈ ਜ਼ਿਲ੍ਹੇ ਵਿੱਚ ਪੁਲਿਸ ਨੇ ਸਾਲ ਦੌਰਾਨ ਅਦਾਲਤੀ ਅਤੇ ਨਗਦ ਦੇ ਕੁੱਲ 18666 ਚਲਾਨ ਕੀਤੇ ਅਤੇ 11839850 ਰੁਪਏ ਦਾ ਜੁਰਮਾਨਾ ਕੀਤਾ ਗਿਆ। ਇਸੇ ਤਰ੍ਹਾਂ ਜ਼ਿਲ੍ਹੇ ਵਿਚ ਪੁਲਿਸ ਵਿਭਾਗ ਵੱਲੋਂ ਪਿਛਲੇ ਸਾਲ ਦੀਆਂ ਪੈਂਡਿੰਗ ਦਰਖਾਸਤਾਂ ਅਤੇ ਸ਼ਾਲ 2024 ਪੀ ਜੀ ਡੀ ਪੋਰਟਲ ਅਤੇ ਪੀ ਸੀ ਦੀਆਂ ਕੁੱਲ 10241/ ਸ਼ਕਾਇਤਾਂ ਤੇ ਤੁਰੰਤ ਕਾਰਵਾਈ ਕਰਦੇ ਹੋਏ 8696 ਸ਼ਿਕਾਇਤਾਂ ਦਾ ਨਿਪਟਾਰਾ ਕਰਕੇ ਲੋਕਾਂ ਨੂੰ ਇਨਸਾਫ਼ ਦਵਾਇਆ ਗਿਆ। ਪੁਲਿਸ ਵੱਲੋਂ ਕਾਰਵਾਈ ਕਰਦੇ ਹੋਏ ਮਾਨਯੋਗ ਅਦਾਲਤ ਵੱਲੋਂ ਪੀ ਓ ਅਤੇ ਭਗੋੜੇ ਘੋਸ਼ਿਤ ਕੀਤੇ 185 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਐਸ ਐਸ ਪੀ ਜੀ ਨੇ ਦੱਸਿਆ ਕਿ ਸਾਲ 2024 ਦੌਰਾਨ ਆਰਮਜ਼ ਐਕਟ ਦੇ 11 ਮੁਕੱਦਮੇ ਦਰਜ ਕਰਕੇ 16 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਜਿਨ੍ਹਾਂ ਪਾਸੋਂ 11 ਪਿਸਟਲ,2 ਰਿਵਾਲਵਰ,01 ਰਾਈਫ਼ਲ ਅਤੇ 40 ਰੋਂਦ ਬ੍ਰਾਮਦ ਕਰਵਾਏ ਗਏ। ਇਸ ਤੋਂ ਬਿਨਾਂ ਜੂਆ ਐਕਟ ਦੇ ਕੁੱਲ 48 ਮੁਕੱਦਮੇ ਦਰਜ ਕਰਕੇ 85 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਜਿਨਾਂ ਪਾਸੋਂ 838925/ ਰੁਪਏ ਬ੍ਰਾਮਦ ਕੀਤੇ ਗਏ। ਇਸ ਦੇ ਨਾਲ ਹੀ ਮੋਬਾਈਲ ਗੁੰਮ ਹੋਣ ਦੀਆਂ ਪੇਂਡਿੰਗ ਦਰਖਾਸਤਾਂ ਅਤੇ ਸਾਲ 2024 ਵਿੱਚ ਨਵੀਆਂ ਆਈਆਂ ਦਰਖਾਸਤਾਂ ਤੇ ਕਾਰਵਾਈ ਕਰਦੇ ਹੋਏ ਸਾਈਬਰ ਸੈਲ ਵੱਲੋਂ 800 ਮੋਬਾਇਲ ਫੋਨ ਟਰੇਸ਼ ਕਰਕੇ ਉਨ੍ਹਾਂ ਦੇ ਮਾਲਕਾਂ ਦੇ ਹਵਾਲੇ ਕੀਤੇ ਗਏ। ਇਸ ਦੇ ਨਾਲ ਹੀ ਪੁਲਿਸ ਵੱਲੋਂ ਪਿੰਡ ਮਰਾੜ ਕਲਾਂ ਨਜ਼ਦੀਕ ਹੋਏ ਅੰਨ੍ਹੇ ਕਤਲ ਦੀ ਲੁੱਟ ਦੀ ਵਾਰਦਾਤ ਨੂੰ 24 ਘੰਟਿਆਂ ਚ ਸੁਲਝਾਇਆ ਜਿਸ ਵਿੱਚ ਪੁੱਤਰ ਨੇ ਹੀ ਆਪਣੇ ਪਿਤਾ ਨੂੰ ਪੈਸਿਆਂ ਦੇ ਹਿਸਾਬ ਮੰਗਣ ਤੇ ਮੌਤ ਦੇ ਘਾਟ ਉਤਾਰ ਦਿੱਤਾ ਸੀ । ਪਿਸਟਲ ਦੀ ਨੋਕ ਤੇ ਲੋਕਾਂ ਨੂੰ ਡਰਾ ਧਮਕਾ ਕੇ ਖੋਹ ਕਰਨ ਵਾਲੇ ਗਰੋਹ ਦੇ 03/ ਵਿਅਕਤੀਆਂ ਨੂੰ 04/ ਦੇਸੀ ਪਿਸਟਲਾਂ ਅਤੇ 10 ਜਿੰਦਾ ਕਾਰਤੂਸ ਸਮੇਤ ਕਾਬੂ ਕੀਤਾ ਗਿਆ। ਕਬਾੜੀਏ ਗਰੋਹ ਦੇ 05/ਮੈਂਬਰਾਂ ਨੂੰ ਕਾਬੂ ਕੀਤਾ ਜਿਨਾਂ ਪਾਸੋਂ 07/ ਮੋਬਾਇਲ ਟਾਵਰਾਂ ਦੇ ਆਰ ਆਰ ਯੂਨਿਟ,40/ਕਿਲੋ ਮੋਬਾਇਲ ਫੋਨ ਦੀਆਂ ਸਕਰੀਨਾਂ ਤੇ ਪਾਰਟਸ ਅਤੇ ਹੁਣ ਤੱਕ 01/ਕਰੋੜ ਦੇ ਚੋਰੀਂ ਦਾ ਸਮਾਨ ਅੱਗੇ ਦਿੱਲੀ ਵੇਚ ਚੁੱਕੇ ਸਨ। ਪਿੰਡ ਥਾਂਦੇਵਾਲਾ ਦੇ ਮੰਗਤ ਦੀ ਕਤਲ ਦੀ ਗੁੱਥੀ 12 ਘੰਟਿਆਂ ਅੰਦਰ ਸੁਲਝਾਈ ਤੇ ਤਿੰਨ ਦੋਸ਼ੀਆਂ ਨੂੰ ਕਾਬੂ ਕੀਤਾ ਨਾਲ ਹੀ ਸੀ ਆਈਏ ਸਟਾਫ ਦੇ ਅਫਸਰ ਬਣ ਕੇ ਫਿਰੌਤੀ ਮੰਗਣ ਵਾਲੇ ਪੰਜ ਵਿਅਕਤੀਆਂ ਨੂੰ ਕਾਬੂ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਸ੍ਰੀ ਤੁਸ਼ਾਰ ਗੁਪਤਾ ਆਈ ਪੀ ਐਸ ਜੀ ਨੇ ਜ਼ਿਲ੍ਹਾ ਵਾਸੀਆਂ ਨੂੰ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਪੁਲਿਸ ਹਮੇਸ਼ਾ ਲੋਕਾਂ ਦੀ ਮੱਦਦ ਲਈ ਹਾਜ਼ਰ ਰਹੇਗੀ ਅਤੇ ਨਵਾਂ ਸਾਲ ਲੋਕਾਂ ਨਾਲ ਸਿੱਧਾ ਸਾਂਝ ਪਾਉਂਦਿਆਂ ਉਨ੍ਹਾਂ ਦੇ ਹਰ ਮੁਸ਼ਕਲਾਂ ਦੇ ਸਮੇਂ ਹਮੇਸ਼ਾ ਨਾਲ ਰਹੇਗੀ

# ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਦਸ ਵਿਦਿਆਰਥੀਆਂ ਦੀ ਨੌਕਰੀਆਂ ਲਈ ਚੋਣ



ਅੰਮ੍ਰਿਤਸਰ, (ਲੋਕ ਬਾਣੀ) ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਦੀ ਯੋਗ ਅਗਵਾਈ ਹੇਠ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪਲੇਸਮੈਂਟ ਐਂਡ ਕਰੀਅਰ ਇਨਹਾਂਸਮੈਂਟ ਡਾਇਰੈਕਟੋਰੇਟ ਵੱਲੋਂ ਯੂਨੀਵਰਸਿਟੀ ਦੇ ਐਮ.ਬੀ.ਏ.- ਬੈਚ 2025 ਦੇ ਵਿਦਿਆਰਥੀਆਂ ਲਈ ਐਚ.ਡੀ.ਐਫ.ਸੀ ਲਾਈਫ਼ ਇੰਸ਼ੋਰੈਂਸ ਕੰਪਨੀ ਵੱਲੋਂ ਕੈਂਪਸ ਪਲੇਸਮੈਂਟ ਡਰਾਈਵ ਦਾ ਆਯੋਜਨ ਕੀਤਾ ਗਿਆ। ਕੰਪਨੀ ਦੀ ਸੀਨੀਅਰ ਮੈਂਬਰਾਂ ਦੀ ਟੀਮ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਦੌਰਾ ਕੀਤਾ ਤੇ ਵਿਦਿਆਰਥੀਆਂ ਦੇ ਟੈਸਟ ਇੰਟਰਵਿਊ ਆਦਿ ਤੋਂ ਬਾਅਦ 10 ਵਿਦਿਆਰਥੀਆਂ ਨੂੰ 4.75 ਲੱਖ ਰੁਪਏ ਪ੍ਰਤੀ ਸਾਲ ਦੇ ਤਨਖਾਹ ਪੈਕੇਜ ਤੇ ਚੁਣਿਆ। ਡਾਇਰੈਕਟਰ ਡਾ. ਅਮਿਤ ਚੋਪੜਾ ਨੇ ਕਿਹਾ ਕਿ ਇਹ ਵਿਦਿਆਰਥੀ ਜੂਨ 2025 ਵਿੱਚ ਆਪੋ-ਆਪਣੇ ਕੋਰਸ ਪਾਸ ਕਰਨ ਤੋਂ ਬਾਅਦ ਆਪਣੀਆਂ ਨੌਕਰੀਆਂ ਜਾਇਨ ਕਰਨਗੇ। ਉਨ੍ਹਾਂ ਕਿਹਾ ਕਿ ਇਹ ਕੰਪਨੀ ਭਾਰਤ ਦੀ ਇੱਕ ਪ੍ਰਮੁੱਖ ਜੀਵਨ ਬੀਮਾ ਕੰਪਨੀ ਹੈ ਜੋ ਵਿਅਕਤੀਗਤ ਅਤੇ ਸਮੂਹ ਬੀਮਾ ਰਾਹੀਂ ਗਾਹਕਾਂ ਦੀਆਂ ਵੱਖ-ਵੱਖ ਲੋੜਾਂ ਜਿਵੇਂ ਕਿ ਸੁਰੱਖਿਆ, ਪੈਨਸ਼ਨ, ਬਚਤ ਅਤੇ ਰਿਟਾਇਰਮੈਂਟ ਯੋਜਨਾਵਾਂ ਨੂੰ ਪੂਰਾ ਕਰਦੀ ਹੈ। ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੂੰ ਇਸ ਉਪਲਬਧੀ ਤੇ ਵਧਾਈ ਦਿੰਦਿਆਂ ਭਵਿੱਖ ਵਿਚ ਅਜਿਹੀਆਂ ਪਲੇਸਮੈਂਟ ਹੋਰ ਵੀ ਵਧਾਉਣ ਬਾਰੇ ਕਿਹਾ। ਡੀਨ ਅਕਾਦਮਿਕ ਮਾਮਲੇ ਡਾ. ਪਲਵਿੰਦਰ ਸਿੰਘ ਅਤੇ ਰਜਿਸਟਰਾਰ ਡਾ. ਕੇ.ਐਸ. ਕਾਹਲੋਂ ਨੇ ਵੀ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਸਰਪੰਚ ਰਿੰਪਲ ਕੁਮਾਰ ਦੀ ਅਗਵਾਈ 'ਚ ਹੋਈ ਗ੍ਰਾਮ ਪੰਚਾਇਤ ਵਜੀਦੋਵਾਲ ਦੀ ਪਲੇਠੀ ਮੀਟਿੰਗ

ਫਗਵਾੜਾ ( ਸੁਸ਼ੀਲ ਸ਼ਰਮਾ ) ਬਲਾਕ ਫਗਵਾੜਾ ਅਧੀਨ ਨਵੀਂ ਬਣੀ ਗ੍ਰਾਮ ਪੰਚਾਇਤ ਵਜੀਦੋਵਾਲ ਦੀ ਪਹਿਲੀ ਮੀਟਿੰਗ ਪਿੰਡ ਦੇ ਪੰਚਾਇਤ ਘਰ ਵਿਖੇ ਹੋਈ। ਜਿਸ ਵਿਚ ਪੰਚਾਇਤ ਸਕੱਤਰ ਮਲਕੀਤ ਚੰਦ ਕੰਗ ਬੀ.ਡੀ.ਪੀ.ਓ. ਦਫਤਰ ਫਗਵਾੜਾ ਤੋਂ ਇਲਾਵਾ ਸਮੂਹ ਮੈਂਬਰ ਪੰਚਾਇਤ ਤੇ ਪਤਵੰਤੇ ਸ਼ਾਮਲ ਹੋਏ। ਮੀਟਿੰਗ ਦੌਰਾਨ ਸਰਪੰਚ ਰਿੰਪਲ ਕੁਮਾਰ ਨੇ ਪਿੰਡ ਵਜੀਦੋਵਾਲ ਦੇ ਵੱਖ-ਵੱਖ ਵਾਰਡਾਂ ਵਿਚ ਹੋਣ ਵਾਲੇ ਵਿਕਾਸ ਕਾਰਜਾਂ ਦੀ ਰਿਪੋਰਟ ਪੰਚਾਇਤ ਮੈਂਬਰਾਂ ਤੋਂ ਪ੍ਰਾਪਤ ਕੀਤੀ। ਇਨ੍ਹਾਂ ਵਿਕਾਸ ਕਾਰਜਾਂ ਤੇ ਲੋੜੀਂਦੇ ਕੰਮ ਜਲਦ ਸ਼ੁਰੂ ਕਰਾਉਣ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਸਰਪੰਚ ਰਿੰਪਲ ਕੁਮਾਰ ਨੇ ਦੱਸਿਆ ਕਿ ਸਟਰੀਟ ਲਾਈਟਾਂ ਲਗਾਉਣ, ਸੜਕ ਅਤੇ ਰਸਤਿਆਂ ਦੇ ਕੰਢੇ ਬੂਟੇ ਲਗਾਉਣ, ਵਾਰਡਾਂ ਵਿਚ ਅਧੂਰੇ ਪਏ ਸੀਵਰੇਜ ਦੇ ਕੰਮ, ਖੇਡ ਗਰਾਉਂਡ, ਗੰਦੇ ਪਾਣੀ ਦਾ ਨਿਕਾਸ, ਛੱਪੜਾਂ ਦੀ ਸਫਾਈ ਕਰਨ ਸੰਬੰਧੀ ਅਤੇ ਹੋਰ ਲੋੜੀਂਦੇ ਕੰਮ ਜਲਦੀ ਸ਼ੁਰੂ ਕਰਵਾਏ ਜਾਣਗੇ। ਪੰਚਾਇਤ ਸਕੱਤਰ ਮਲਕੀਤ



ਚੰਦ ਕੰਗ ਨੇ ਦੱਸਿਆ ਕਿ ਅੱਜ ਦੀ ਮੀਟਿੰਗ ਵਿਚ ਪਿੰਡ ਦੇ ਵੱਖ-ਵੱਖ ਵਾਰਡਾਂ ਵਿਚ ਲੋੜੀਂਦੇ ਅਤੇ ਅਧੂਰੇ ਵਿਕਾਸ ਕਾਰਜਾਂ ਦੀ ਰਿਪੋਰਟ ਪ੍ਰਾਪਤ ਗਈ ਹੈ। ਉਹਨਾਂ ਭਰੋਸਾ ਦਿੱਤਾ ਕਿ ਵਿਕਾਸ ਲਈ ਲੋੜੀਂਦੀ ਗਰਾਂਟ ਦੇ ਪ੍ਰਪੋਜਲ ਤਿਆਰ ਕਰਕੇ ਸੀਨੀਅਰ ਅਧਿਕਾਰੀਆਂ ਨੂੰ ਭੇਜੇ ਜਾਣਗੇ ਅਤੇ ਜਲਦੀ ਗਰਾਂਟ ਦਾ ਪ੍ਰਬੰਧ ਕਰਾਉਣ ਦਾ ਹਰ ਸੰਭਵ ਉਪਰਾਲਾ ਕੀਤਾ ਜਾਵੇਗਾ। ਉਹਨਾਂ ਸਮੂਹ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਪਾਰਟੀ ਬਾਜੀ ਤੋਂ ਉੱਪਰ ਉੱਠ ਕੇ ਵਿਕਾਸ ਦੇ ਕੰਮਾ ਵਿਚ ਪੰਚਾਇਤ ਦਾ ਸਹਿਯੋਗ ਕੀਤਾ ਜਾਵੇ। ਇਸ ਮੌਕੇ ਰਿਟਾ. ਇੰਸਪੈਕਟਰ ਰਮਨ ਕੁਮਾਰ, ਨੰਬਰਦਾਰ ਸਤੀਸ਼ ਕੁਮਾਰ, ਸੋਮਨਾਥ ਤੋਂ ਇਲਾਵਾ ਮੈਂਬਰ ਪੰਚਾਇਤ ਪੰਡਿਤ ਅਸ਼ੋਕ ਕੁਮਾਰ, ਸੰਜੀਵ ਕੁਮਾਰ, ਨਰਿੰਦਰ ਪਾਲ, ਸਰਬਜੀਤ ਕੌਰ, ਸੰਤੋਸ਼ ਰਾਣੀ, ਰਵੀ ਦੱਤ, ਬਲਰਾਮ ਕੁਮਾਰ, ਚੰਦਰ ਮੋਹਨ, ਬਲਿਹਾਰ ਰਾਮ, ਕੇਸ਼ਾ ਵਜੀਦੋਵਾਲ, ਚਮਨ ਲਾਲ, ਦੇਸਰਾਜ, ਗੁਰਮੇਜ ਰਾਮ, ਸ਼ਿਵ ਕੁਮਾਰ, ਬੀਬੀ ਸ਼ਿੰਦੋ, ਬੀਰੋ, ਸੀਮਾ ਰਾਣੀ, ਜੀਵਨ ਲਾਲ, ਸੋਹਨ ਲਾਲ ਅਤੇ ਪਿੰਡ ਦੇ ਹੋਰ ਪਤਵੰਤੇ ਹਾਜਰ ਸਨ

ਰੋਜ਼ਾਨਾ ਲੋਕ ਬਾਣੀ
www.lokbani

# ਲੱਭਿਆ ਮੋਬਾਇਲ ਮਾਲਕ ਨੂੰ ਵਾਪਿਸ ਕਰਕੇ ਕਾਇਮ ਕੀਤੀ ਇਮਾਨਦਾਰੀ ਮਿਸਾਲ



ਗਿੱਦੜਬਾਹਾ(ਲੋਕ ਬਾਣੀ) ਰਸਤੇ ਵਿੱਚੋਂ ਲੱਭਿਆ ਮੋਬਾਈਲ ਵਾਪਿਸ ਕਰਕੇ ਸ਼ਹਿਰ ਵਾਸੀ ਇੱਕ ਵਿਅਕਤੀ ਵੱਲੋਂ ਇਮਾਨਦਾਰੀ ਦੀ ਮਿਸਾਲ ਕਾਇਮ ਕੀਤੀ ਗਈ ਹੈ। ਜਾਣਕਾਰੀ ਅਨੁਸਾਰ ਸਥਾਨਕ ਸ਼ਹਿਰ ਦੇ ਸਰਵਣ ਕੁਮਾਰ ਦਾ ਮੋਬਾਈਲ ਅੱਜ ਸਵੇਰੇ ਪੁਰਾਣੀ ਦਾਣਾ ਮੰਡੀ ਰੋਡ ਤੇ ਡਿੱਗ ਗਿਆ ਸੀ, ਜੋਂ ਸ਼ਹਿਰ ਦੇ ਵਸਨੀਕ ਅਮਨ ਪੁੱਤਰ ਜਗਦੀਸ਼ ਲਾਲ ਨੂੰ ਮਿਲ ਗਿਆ। ਅਮਨ ਵੱਲੋਂ ਮੋਬਾਈਲ ਦੀਆਂ ਫੋਟੋਆਂ ਤੋਂ ਪੜਤਾਲ ਕਰਕੇ ਮੁਬਾਈਲ ਦੇ ਮਾਲਕ ਸਰਵਣ ਕੁਮਾਰ ਨੂੰ ਸਥਾਨਕ ਕੱਪੜਾ ਯੂਨੀਅਨ ਦੇ ਪ੍ਰਧਾਨ ਭਗਵਾਨ ਦਾਸ ਆਹੂਜਾ ਦੀ ਹਾਜ਼ਰੀ ਚ ਵਾਪਿਸ ਕਰਕੇ ਇਮਾਨਦਾਰੀ ਦੀ ਮਿਸਾਲ ਕਾਇਮ ਕੀਤੀ ਹੈ। ਇਸ ਮੌਕੇ ਸਰਵਣ ਕੁਮਾਰ ਨੇ ਅਮਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਕੱਲ੍ਹ ਜਿੱਥੇ ਲੋਕ ਕਿਸੇ ਦਾ ਇਕ ਰੁਪਈਆ ਡਿੱਗਿਆ ਵੀ ਵਾਪਸ ਨਹੀਂ ਕਰਦੇ ਪਰ ਅਮਨ ਵੱਲੋਂ ਉਸ ਦਾ ਮੋਬਾਈਲ ਵਾਪਸ ਕਰਕੇ ਇਮਾਨਦਾਰੀ ਦਿਖਾਈ ਹੈਂ। ਜਿਸ ਲਈ ਉਹ ਉਨ੍ਹਾਂ ਦਾ ਤਹਿਦਿਲੋਂ ਧੰਨਵਾਦ ਕਰਦੇ ਹਨ।

# ਪਿਛਲੇ ਸਾਲ: ਨਿਯੁਕਤੀ ਦੀ ਵਰ੍ਹੇਗੰਢ ਦੇ ਨਾਲ, ਸੀ ਪੀ ਅਖਿਲ ਦੀ ਅਗਵਾਈ ਦੇ ਹੁਨਰ ਯੋਗੀ ਸਰਕਾਰ ਦੇ ਇਰਾਦੇ ਅਨੁਸਾਰ ਕਾਨਪੁਰ ਵਿੱਚ ਸਫਲ ਰਹੇ ਸਨ

ਕਾਨਪੁਰ (ਸੁਨੀਲ ਬਾਜਪਾਈ ) ਇੱਥੇ ਪੁਲਿਸ ਕਮਿਸ਼ਨਰੇਟ ਦਾ ਗਠਨ ਅਪਰਾਧੀਆਂ ਵਿਰੁੱਧ ਆਪਣਾ ਇਰਾਦਾ ਪੂਰਾ ਕਰਨ ਵਿੱਚ ਕਾਮਯਾਬ ਸਾਬਤ ਹੋਇਆ ਹੈ। ਇਸ ਦੌਰਾਨ ਦੇਸ਼ ਵਿੱਚ ਪਹਿਲੀ ਵਾਰ ਪੱਤਰਕਾਰ ਦੇ ਭੇਸ ਵਿੱਚ ਆਏ ਬਦਮਾਸ਼ ਗੈਂਗਸਟਰ ਅਵਨੀਸ਼ ਦੀਕਸ਼ਿਤ ਦੇ ਗਰੋਹ ਦਾ ਪਰਦਾਫਾਸ਼ ਕਰਨ ਦੇ ਨਾਲ-ਨਾਲ ਵੱਡੀ ਗਿਣਤੀ ਵਿੱਚ ਸੱਟੇਬਾਜ਼ਾਂ, ਜੁਆਰੀਆਂ, ਬਲਾਤਕਾਰੀਆਂ, ਅਗਵਾਕਾਰਾਂ, ਚੋਰਾਂ, ਲੁਟੇਰਿਆਂ, ਰਾਹਗੀਰਾਂ ਦੀ ਗ੍ਰਿਫ਼ਤਾਰੀ ਹੋਈ ਹੈ। ਚੋਰੀ ਹੋਏ ਸਾਮਾਨ ਦੀ ਬਰਾਮਦਗੀ ਦੇ ਨਾਲ-ਨਾਲ ਨਕਦੀ, ਬੰਦੂਕ ਅਤੇ ਕਾਰਤੂਸ ਆਦਿ ਵੀ ਬਰਾਮਦ ਕੀਤੇ ਗਏ ਹਨ। ਪਿਛਲੇ ਸਾਲ, ਅਖਿਲ ਕੁਮਾਰ ਦੀ ਅਗਵਾਈ ਦੇ ਹੁਨਰ ਨੇ ਬਹੁਤ ਸਾਰੇ ਅਪਰਾਧੀਆਂ ਨੂੰ ਜ਼ਖਮੀ ਕਰਨ ਅਤੇ ਉਹਨਾਂ ਦੀ ਜਾਨ ਨੂੰ ਖਤਰੇ ਵਿਚ ਪਾਉਣ ਵਾਲੇ ਮੁਕਾਬਲੇ ਵਿਚ ਜੇਲ ਭੇਜਣ ਵਿਚ ਕਮਾਲ ਦੀ ਅਤੇ ਸ਼ਲਾਘਾਯੋਗ ਸਫਲਤਾ ਪ੍ਰਾਪਤ ਕੀਤੀ, ਜਿਸ ਨਾਲ ਕਾਨਪੁਰ ਅਪਰਾਧੀਆਂ ਵਿਰੁੱਧ ਕਾਰਵਾਈ ਵਿਚ ਪਹਿਲਾ ਸਥਾਨ ਸਾਬਤ ਹੋਇਆ।

ਅਪਰਾਧੀਆਂ ਵਿਰੁੱਧ ਤਸੱਲੀਬਖਸ਼ ਪ੍ਰਭਾਵਸ਼ਾਲੀ ਕਾਰਵਾਈ ਅਤੇ ਪੀੜਤਾਂ ਨੂੰ ਹਰ ਸੰਭਵ ਸਹਾਇਤਾ ਦੇਣ ਦੇ ਮਾਮਲੇ ਵਿਚ ਇਸ ਸੰਪੂਰਨਤਾ ਦਾ ਪੂਰਾ ਸਿਹਰਾ ਵੀ ਦੇਸ਼ ਅਤੇ ਸੂਬੇ ਦੇ ਇਮਾਨਦਾਰ ਅਤੇ ਇਮਾਨਦਾਰ ਆਈ.ਪੀ.ਐਸ. ਅਫਸਰਾਂ ਵਿਚੋਂ ਇਕ ਸੀਨੀਅਰ ਆਈ.ਪੀ.ਐਸ. ਅਖਿਲ ਨੂੰ ਜਾਂਦਾ ਹੈ, ਜਿਨ੍ਹਾਂ ਨੂੰ ਪੁਲਿਸ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਇੱਥੇ ਅਤੇ ਇੱਕ ਨਿਰਪੱਖ ਅਤੇ ਪਾਰਦਰਸ਼ੀ ਕੰਮ ਕਰਨ ਦੀ ਸ਼ੈਲੀ ਹੈ, ਕੁਮਾਰ ਦੀ ਦੂਰਦਰਸ਼ਤਾ ਪੂਰੀ ਕੁਸ਼ਲ ਅਗਵਾਈ ਅਤੇ ਸਖਤ ਮਿਹਨਤ ਨਾਲ ਹੈ।

ਖਾਸ ਗੱਲ ਇਹ ਹੈ ਕਿ ਕਾਨਪੁਰ ਨੂੰ ਇੱਕ ਜੁਝਾਰੂ ਪੁਲਿਸ ਕਮਿਸ਼ਨਰ ਵਜੋਂ ਹਰ ਨਜ਼ਰੀਏ ਤੋਂ ਸਭ ਤੋਂ ਸਫਲ ਆਈਪੀਐਸ ਏਡੀਜੀ ਅਖਿਲ ਕੁਮਾਰ ਦੀ ਪਹਿਲੀ ਬਰਸੀ ਮਨਾਉਣ ਦਾ ਸੁਭਾਗ ਵੀ ਪ੍ਰਾਪਤ ਹੋਇਆ ਹੈ। ਪਿਛਲੇ ਸਾਲ 3 ਜਨਵਰੀ ਨੂੰ ਕਾਨਪੁਰ ਦਾ ਪੁਲਿਸ ਕਮਿਸ਼ਨਰ ਬਣਾਏ ਜਾਣ ਤੋਂ ਬਾਅਦ ਯੋਗੀ ਸਰਕਾਰ ਦੇ ਇਰਾਦਿਆਂ ਤੇ ਖਰਾ ਉਤਰਦਿਆਂ ਕਾਨੂੰਨ ਅਤੇ ਅਮਨ-ਕਾਨੂੰਨ ਦੇ ਪੱਖ ਚ ਅਪਰਾਧੀਆਂ ਦੇ ਖਿਲਾਫ ਜਨਤਕ ਹਿੱਤਾਂ ਚ ਸ਼ਲਾਘਾਯੋਗ ਸਫਲਤਾ ਹਾਸਲ ਕਰਨ



ਦਾ ਉਨ੍ਹਾਂ ਦਾ ਸਿਲਸਿਲਾ ਜਾਰੀ ਹੈ।

ਇਸ ਦੇ ਨਾਲ ਹੀ, ਕਾਨਪੁਰ ਦੇ ਸੰਦਰਭ ਵਿੱਚ, ਪੱਤਰਕਾਰੀ ਤੋਂ ਅਪਰਾਧੀਆਂ ਦੇ ਖਾਤਮੇ ਲਈ ਪਿਛਲਾ ਸਾਲ 2024 ਹਮੇਸ਼ਾ ਯਾਦ ਰੱਖਿਆ ਜਾਵੇਗਾ, ਜਿਸਦਾ ਪੂਰਾ ਸਿਹਰਾ ਪੁਲਿਸ ਕਮਿਸ਼ਨਰ ਅਖਿਲ ਕੁਮਾਰ ਦੀ ਨਿਡਰਤਾ ਨੂੰ ਜਾਂਦਾ ਹੈ, ਜੋ ਤੇਜ਼ ਫੈਸਲਿਆਂ ਵਿੱਚ ਮੋਹਰੀ ਰਹੇ ਸਨ, ਭਾਵ ਅਦੁੱਤੀ। ਹਿੰਮਤ, ਉਸਦੀ ਨਿਰਪੱਖਤਾ, ਉਸਦੀ ਪਾਰਦਰਸ਼ਤਾ ਅਤੇ ਉਸਦੇ ਲੜਨ ਵਾਲੇ ਸੁਭਾਅ ਨੂੰ ਜਾਂਦਾ ਹੈ। ਉਹ ਦੇਸ਼ ਦੇ ਪਹਿਲੇ ਆਈਪੀਐਸ ਅਧਿਕਾਰੀ ਹਨ, ਜਿਨ੍ਹਾਂ ਨੇ ਪੱਤਰਕਾਰੀ ਦੇ ਹਿੱਤ ਵਿੱਚ ਪ੍ਰਸ਼ੰਸਾ ਦੀਆਂ ਸੀਮਾਵਾਂ ਨੂੰ ਤੋੜਨ ਵਾਲਾ ਅਜਿਹਾ ਕੰਮ ਕੀਤਾ ਹੈ ਜਿਵੇਂ ਕਿ ਅਪਰਾਧਿਕ ਮਾਫੀਆ ਗਰੋਹ ਅਵਨੀਸ਼ ਦੀਕਸ਼ਿਤ ਨੂੰ ਇੱਕ ਪੱਤਰਕਾਰ ਵਜੋਂ ਪੇਸ਼ ਕਰਨਾ, ਕਿਉਂਕਿ ਸਿਰਫ਼ ਭਾਰਤ ਵਿੱਚ ਹੀ ਨਹੀਂ ਬਲਕਿ ਪੂਰੀ ਦੁਨੀਆ ਵਿੱਚ , ਇਸ ਤਰ੍ਹਾਂ ਦੇ ਲੋਕ ਪੱਤਰਕਾਰੀ ਦੀ ਆੜ ਵਿੱਚ ਹਰ ਤਰ੍ਹਾਂ ਦੇ ਅਪਰਾਧ ਕਰਦੇ ਹਨ, ਇਸ ਤੋਂ ਪਹਿਲਾਂ ਕਦੇ ਵੀ ਭੰਡੀ ਮਾਫੀਆ ਗਰੋਹ ਦਾ ਪਰਦਾਫਾਸ਼ ਨਹੀਂ ਹੋਇਆ। ਇੰਨਾ ਹੀ ਨਹੀਂ ਲੋਕ ਹਿੱਤਾਂ ਦੀ ਮਜ਼ਬੂਤ ਵਿਚਾਰਧਾਰਾ ਅਨੁਸਾਰ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣ ਵਾਲੇ ਲੋਕ ਜਿਵੇਂ ਕਿ ਕੋਈ ਬੇਕਸੂਰ ਫਸਾਏ ਨਹੀਂ ਜਾਂਦੇ ਅਤੇ ਕਿਸੇ ਵੀ ਅਪਰਾਧੀ ਨੂੰ ਬਖ਼ਸ਼ਿਆ ਨਹੀਂ ਜਾਂਦਾ, ਹਰ ਤਰ੍ਹਾਂ ਦੇ ਅਪਰਾਧੀਆਂ ਵਿਰੁੱਧ ਆਪਣੀਆਂ ਪ੍ਰਾਪਤੀਆਂ ਦਾ ਜ਼ਿਕਰਯੋਗ ਅਤੇ ਸ਼ਲਾਘਾਯੋਗ ਸਿਹਰਾ ਆਪਣੇ ਸਿਰ ਬੰਨ੍ਹਦੇ ਹਨ। , ਜੋ ਲੋਕ ਪ੍ਰਮਾਤਮਾ ਅਤੇ ਕਿਸਮਤ ਭਾਵ ਕਰਮ ਤੇ ਭਰੋਸਾ ਰੱਖਦੇ ਹਨ, ਇੱਥੇ ਪਿਛਲੇ ਇੱਕ ਸਾਲ ਦੌਰਾਨ ਜੁਝਾਰੂ ਪੁਲਿਸ ਕਮਿਸ਼ਨਰ, ਸੀਨੀਅਰ ਆਈਪੀਐਸ ਅਖਿਲ ਕੁਮਾਰ ਦੀ ਅਗਵਾਈ ਵਿੱਚ ਪੁਲਿਸ ਦੁਆਰਾ ਕੀਤੀ ਗਈ ਪ੍ਰਭਾਵਸ਼ਾਲੀ ਕਾਰਵਾਈ ਦੇ ਨਤੀਜੇ ਵਜੋਂ ਅਪਰਾਧ ਅਤੇ ਅਪਰਾਧੀਆਂ ਨੂੰ ਨੱਥ ਪਾਉਣ ਵਿੱਚ ਮਹੱਤਵਪੂਰਨ ਸਫਲਤਾ ਮਿਲੀ ਹੈ। . ਇਸ ਤੋਂ ਆਮ ਜਨਤਾ ਵੀ ਭਾਰੀ ਰਾਹਤ ਮਹਿਸੂਸ ਕਰ ਰਹੀ ਹੈ।

ਇਸ ਦੌਰਾਨ ਸਦੀਆਂ ਪੁਰਾਣੀ ਟ੍ਰੈਫਿਕ ਸਮੱਸਿਆ ਨੂੰ ਪੂਰੀ ਤਰ੍ਹਾਂ ਖਤਮ ਕਰਨ ਅਤੇ ਨਿਰਵਿਘਨ ਟ੍ਰੈਫਿਕ ਪ੍ਰਦਾਨ ਕਰਨ ਦੇ ਆਪਣੇ ਯਤਨਾਂ ਵਿੱਚ ਪੂਰੀ ਤਰ੍ਹਾਂ ਸਫਲ ਰਹੇ ਸਾਦੇ ਅਤੇ ਨੇਕ ਸੁਭਾਅ ਦੇ ਪੁਲਿਸ ਕਮਿਸ਼ਨਰ ਅਖਿਲ ਕੁਮਾਰ ਨੇ ਅਪਰਾਧੀਆਂ ਵਿਰੁੱਧ ਕਾਰਵਾਈ ਕਰਨ ਵਿੱਚ ਲੋਕਾਂ ਦੇ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਨਾਲ ਹੀ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

ਯਾਦ ਰਹੇ ਕਿ ਪੁਲਿਸ ਕਮਿਸ਼ਨਰ ਸੀਨੀਅਰ ਆਈ.ਪੀ.ਐਸ.ਅਖਿਲ ਕੁਮਾਰ, ਜੋ ਕਿ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉਣ ਲਈ ਜਾਣੇ ਜਾਂਦੇ ਹਨ, ਇੱਕ ਜਾਣੇ-ਪਛਾਣੇ, ਸੁਚੱਜੇ, ਮਿਹਨਤੀ ਪੁਲਿਸ ਕਮਿਸ਼ਨਰ ਹਨ, ਜਿੱਥੇ ਉਹ ਪਹਿਲਾਂ ਵੀ ਤਾਇਨਾਤ ਰਹੇ ਹਨ, ਉਨ੍ਹਾਂ ਨੇ ਆਪਣੀ ਡਿਊਟੀ ਦਾ ਸਬੂਤ ਵੀ ਦਿੱਤਾ ਹੈ। ਵ੍ਹਾਈਟ-ਕਾਲਰ ਮਾਫੀਆ ਅਪਰਾਧੀਆਂ, ਦਲਾਲਾਂ ਅਤੇ ਭ੍ਰਿਸ਼ਟ ਲੋਕਾਂ ਦੇ ਖਿਲਾਫ ਪੁਲਿਸ ਕਰਮੀਆਂ ਨੂੰ ਵੀ ਬਹੁਤ ਸਾਰਾ ਸਬਕ ਸਿਖਾਉਣ ਵਿੱਚ ਸਫਲ ਰਹੇ ਹਨ। ਵਰਤਮਾਨ ਵਿੱਚ, ਆਮ ਲੋਕ ਵੀ ਸਖ਼ਤ ਮਿਹਨਤੀ, ਜੁਝਾਰੂ ਰਵੱਈਏ ਦੇ ਸੀਨੀਅਰ ਆਈਪੀਐਸ ਅਖਿਲ ਕੁਮਾਰ ਦੇ ਲੀਡਰਸ਼ਿਪ ਹੁਨਰ ਦਾ ਆਨੰਦ ਮਾਣ ਰਹੇ ਹਨ, ਜਿਨ੍ਹਾਂ ਨੇ ਕਾਨੂੰਨ ਅਤੇ ਸ਼ਾਂਤੀ ਦੇ ਪੱਖ ਵਿੱਚ ਕਾਨਪੁਰ ਵਿੱਚ ਸਭ ਤੋਂ ਸਫਲ ਪੁਲਿਸ ਕਮਿਸ਼ਨਰ ਵਜੋਂ ਇੱਕ ਸਾਲ ਪੂਰਾ ਕੀਤਾ ਹੈ।

ਰੋਜ਼ਾਨਾ ਲੋਕ ਬਾਣੀ
www.lokbani

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
Ambulance Service 24hrs.
FACILITIES AVAILABLE
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgeries, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
82880 21797
82880 21798
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
ਲਾਇਸੰਸ ਨੰ: B-1303/PUN/PER/1000+/5/9437/2018
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow !
150+ Placements In Session 2022-23
18+ MOUs with Industries
upto 100% Scholarship Schemes
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

St. Soldier GROUP OF INSTITUTIONS SINCE 1958
EDUCATIONAL 64 YEARS EXCELLENCE
MORE THAN • 56 Colleges & Schools • 200 Merit Positions • 125 Companies For Placements • 75 Academic Courses • 2000 Placements in 2022-2023 • 42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING
HOTEL MANAGEMENT
MANAGEMENT & COMMERCE
DEGREE COURSES
PARAMEDICAL COURSES
POLYTECHNIC DIPLOMA
MEDIA & FASHION
INFORMATION TECHNOLOGY
LAW
TEACHER / PHYSICAL EDUCATION
NURSING TRAINING
ARCHITECTURE
INDUSTRIAL TRAINING INSTITUTE
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565
www.stsoldiergroup.com